# ਨੌਂਵੇਂ ਨਾਨਕ

(ਗੁਰੂ ਤੇਗ਼ ਬਹਾਦੁਰ ਜੀ)

*ਜਨਵਰੀ ੩੧, ੨੦੨੦*

ਸ੍ਰੀ ਹੇਮਕੁੰਟ ਫ਼ਾਊਂਡੇਸ਼ਨ ਦੇ

ਸ਼ਰਧਾਲੂਆਂ ਵਲੋਂ

# ੧.    ਜਨਮ ਅਤੇ ਮੁੱਢਲਾ ਜੀਵਨ

੧੬੨੧ ਈਸਵੀ: (ਗੁਰੂ) ਤੇਗ ਬਹਾਦੁਰ ਜੀ ਦਾ ਜਨਮ [1]੧ ਅਪ੍ਰੈਲ, ੧੬੨੧ ਨੂੰ ਅੰਮ੍ਰਿਤਸਰ ਸ਼ਹਿਰ ਵਿਚ 'ਗੁਰੂ ਕੇ ਮਹਿਲ' ਵਜੋਂ ਜਾਣੇ ਜਾਂਦੇ ਘਰ ਵਿਚ ਹੋਇਆ। ਆਪ ਜੀ ਦੇ ਚਾਰ ਭਰਾ ਸਨ – ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਨੀ ਰਾਏ ਜੀ ਅਤੇ ਬਾਬਾ ਅਟੱਲ ਰਾਏ ਜੀ – ਅਤੇ ਇਕ ਭੈਣ ਬੀਬੀ ਵੀਰੋ ਜੀ ਸਨ। ਆਪ ਜੀ ਛੇਵੇਂ ਨਾਨਕ (ਗੁਰੂ ਹਰਿਗੋਬਿੰਦ ਸਾਹਿਬ ਜੀ) ਅਤੇ ਮਾਤਾ ਨਾਨਕੀ ਜੀ ਦੇ ਪੰਜਵੇਂ ਅਤੇ ਸਭ ਤੋਂ ਛੋਟੇ ਸਪੁੱਤਰ ਸਨ। ਉਹਨਾਂ ਦਾ ਬਚਪਨ ਦਾ ਨਾਮ [2]ਤਿਆਗ ਮੱਲ ਸੀ। ਕਰਤਾਰਪੁਰ ਵਿਚ ਪੈਂਦੇ ਖਾਂ ਦੇ ਵਿਰੁੱਧ ਹੋਈ ਲੜਾਈ ਤੋਂ ਬਾਅਦ ਸਿੱਖਾਂ ਨੇ ਆਪ ਜੀ ਨੂੰ ਤੇਗ਼ ਬਹਾਦੁਰ ਕਹਿਣਾ ਸ਼ੁਰੂ ਕਰ ਦਿਤਾ ਕਿਉਂਕਿ ਉਸ ਯੁੱਧ ਵਿਚ ਆਪ ਜੀ ਨੇ ਤਲਵਾਰਬਾਜ਼ੀ ਦੇ ਮਹਾਨ ਜੌਹਰ ਦਿਖਾਏ।

ਛੇ ਸਾਲ ਦੀ ਉਮਰ ਤੋਂ ਸ਼ੁਰੂ ਹੋ ਕੇ ਤੇਗ ਬਹਾਦੁਰ ਸਾਹਿਬ ਜੀ ਨੇ ਲਗਾਤਾਰ ਸਿੱਖਿਆ ਪ੍ਰਾਪਤ ਕੀਤੀ। ਆਪ ਜੀ ਨੇ ਪੁਰਾਤਨ, ਉਚਾਰਣ ਸਹਿਤ ਅਤੇ ਤੰਤੀ ਸਾਜ਼-ਸੰਗੀਤ ਦੀ ਸਿਖਿਆ ਵੀ ਹਾਸਲ ਕੀਤੀ। ਭਾਈ ਗੁਰਦਾਸ ਜੀ ਨੇ ਆਪ ਜੀ ਨੂੰ ਸਿੱਖ ਧਰਮ ਦੇ ਫ਼ਲਸਫ਼ੇ ਦਾ ਗਿਆਨ ਵੀ ਪੜ੍ਹਾਇਆ। ਭਾਈ ਬੁੱਢਾ ਜੀ ਪਾਸੋਂ ਆਪ ਜੀ ਨੇ ਤੀਰ-ਅੰਦਾਜ਼ੀ ਅਤੇ ਘੋੜ-ਸਵਾਰੀ ਦੀ ਮਹਾਰਤ ਹਾਸਲ ਕੀਤੀ। ਆਪ ਜੀ ਦੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਜੀ ਨੂੰ ਯੁੱਧ-ਤਕਨੀਕਾਂ ਅਤੇ ਤਲਵਾਰਬਾਜ਼ੀ ਦੀ ਸਿਖਲਾਈ ਦਿਤੀ। ਸਮੇਂ ਦੇ ਬੀਤਣ ਨਾਲ ਆਪ ਜੀ ਵਿਸ਼ੇਸ਼ ਰੁਝਾਨ ਅਧਿਆਤਮਿਕਤਾ ਵੱਲ ਪ੍ਰਫ਼ੁਲਤ ਹੋਇਆ।

੧੬੩੦ ਈਸਵੀ (ਉਮਰ ੯ ਸਾਲ): ਤੇਗ਼ ਬਹਾਦੁਰ ਜੀ ਨੇ ਆਪਣੇ ਜੀਵਨ ਦੇ ਮੁੱਢਲੇ ੯ ਸਾਲ ਆਪਣੇ ਪਿਤਾ ਜੀ ਅਤੇ ਪਰਿਵਾਰ ਦੇ ਨਾਲ ਅੰਮ੍ਰਿਤਸਰ ਵਿਚ ਗੁਜ਼ਾਰੇ। ੧੬੩੦ ਵਿਚ ਆਪ ਜੀ ਆਪਣੇ ਪਿਤਾ ਜੀ (ਗੁਰੂ ਹਰਿਗੋਬਿੰਦ ਸਾਹਿਬ ਜੀ) ਨਾਲ ਕਰਤਾਰਪੁਰ ਗਏ। ਸ਼ੁਰੂ ਤੋਂ ਹੀ ਆਪ ਜੀ ਦਾ ਸੁਭਾਉ ਨਿਰਭੈਤਾ ਵਾਲਾ ਅਤੇ ਹਰ ਕਾਰਜ ਵਿਚ ਚੁਸਤੀ ਭਰਪੂਰ ਸੀ। ਇਸ ਦੇ ਬਾਵਜੂਦ ਵੀ, ਆਪ ਜੀ ਸੰਤ-ਸੁਭਾਅ ਦੇ ਸਨ ਅਤੇ ਹਰ ਕਿਸੇ ਨਾਲ ਨਿਮਰਤਾ ਸਹਿਤ ਪੇਸ਼ ਆਉਂਦੇ ਸਨ।

੧੬੩੨ ਈਸਵੀ (ਉਮਰ ੧੧ ਸਾਲ): ਇਸ ਸਾਲ ਦੇ ੧੪ ਸਤੰਬਰ ਨੂੰ ਆਪ ਜੀ ਦੀ ਸ਼ਾਦੀ (ਮਾਤਾ) ਗੂਜਰੀ ਜੀ ਨਾਲ ਹੋ ਗਈ। ਆਪ ਜੀ ਦੇ ਸਸੁਰ ਕਰਤਾਰਪੁਰ ਵਾਸੀ ਸ੍ਰੀ ਲਾਲ ਚੰਦ ਜੀ ਸਨ। ਗੂਜਰੀ ਜੀ ਆਪ ਵੀ ਧਾਰਮਿਕ ਬਿਰਤੀ ਵਾਲੇ ਸਨ। ਉਹਨਾਂ ਦਾ ਸੁਭਾਉ ਵੀ ਪੂਰਨ ਅਨੁਸ਼ਾਸਨ ਅਤੇ ਨਿਰ-ਅਭਿਮਾਨਤਾ ਵਾਲਾ ਸੀ। ਉਹਨਾਂ ਦੇ ਪਿਤਾ ਜੀ ਇੱਕ ਖਾਨਦਾਨੀ ਅਤੇ ਅਮੀਰ ਇਨਸਾਨ ਸੀ।

**********************************

1. *ਕੁਝ ਲੇਖਕ ਆਪ ਜੀ ਦਾ ਜਨਮ ੧੮ ਅਕਤੂਬਰ, ੧੬੨੧ ਨੂੰ ਹੋਇਆ ਦਸਦੇ ਹਨ।*
2. *ਕੁਝ ਲੇਕਕ ਆਪ ਜੀ ਦਾ ਨਾਮ ਜਨਮ ਤੋਂ ਹੀ ਤੇਗ਼ ਬਹਾਦੁਰ ਦਸਦੇ ਹਨ।*

# ੨. ਪਹਿਲਾ ਯੁੱਧ

**੧੬੩੪ ਈਸਵੀ (ਉਮਰ ੧੩ ਸਾਲ):** ੧੫ ਅਪ੍ਰੈਲ ੧੬੩੪ ਨੂੰ ਮੁਗ਼ਲ ਫੌਜਾਂ ਨੇ ਗੁਰੂ ਕਾ ਚੱਕ (ਅੰਮ੍ਰਿਤਸਰ) ਤੇ ਹਮਲਾ ਕਰ ਦਿਤਾ। ਤੇਗ਼ ਬਹਾਦੁਰ ਜੀ ਅਤੇ ਭਾਈ ਬਿਧੀ ਚੰਦ ਵਰਗੇ ਹੋਰ ਜਰਨੈਲਾਂ ਨੇ ਬੜੀ ਬਹਾਦਰੀ ਨਾਲ ਮੁਗ਼ਲ ਫੌਜਾਂ ਦਾ ਮੁਕਾਬਲਾ ਕੀਤਾ। ਤੇਗ਼ ਬਹਾਦੁਰ ਜੀ ਨੇ ਇਸ ਲੜਾਈ ਵਿਚ ਵਿਸ਼ੇਸ਼ ਅਸਾਧਾਰਨ ਕਰਤਵ ਦਿਖਾਏ। ਜਿਹਨਾਂ ਨੇ ਵੀ ਉਹਨਾਂ ਨੂੰ ਯੁੱਧ ਵਿੱਚ ਦੇਖਿਆ, ਉਹ ਸਾਰੇ ਹੀ ਤੇਗ਼ ਬਹਾਦੁਰ ਜੀ ਦੇ ਕਾਰਨਾਮਿਆਂ ਤੋਂ ਬਹੁਤ ਪ੍ਰਭਾਵਤ ਹੋਏ। ਕਈ ਲੇਖਕ ਗਲਤੀ ਨਾਲ ਇਹ ਵੀ ਲਿਖਦੇ ਹਨ ਕਿ ਲੜਾਈ ਵਿਚ ਅਸਾਧਾਰਨ ਤਲਵਾਰਬਾਜ਼ੀ ਦਿਖਾਉਣ ਕਰਕੇ ਆਪ ਜੀ ਦਾ ਨਾਮ ਤਿਆਗ ਮੱਲ ਤੋਂ ਬਦਲ ਕੇ ਤੇਗ਼ ਬਹਾਦੁਰ ਕਰ ਦਿਤਾ ਗਿਆ। ਪਰ ਇਹ ਖਿਆਲ ਠੀਕ ਨਹੀਂ। ਤੇਗ਼ ਬਹਾਦੁਰ ਜੀ ਦੇ ਜਨਮ ਤੋਂ ਡੇਢ ਮਹੀਨਾ ਪਹਿਲਾਂ, ਛੇਵੇਂ ਨਾਨਕ ਨੇ ਮੁਗ਼ਲ ਫ਼ੌਜਾਂ ਨੂੰ ਹਰਾਇਆ ਸੀ ਅਤੇ ਇਸਤਰ੍ਹਾਂ ਸਿੱਖ ਆਮ ਕਰਕੇ ਤਲਵਾਰਬਾਜ਼ੀ ਦੇ ਮਾਹਰ ਗਿਣੇ ਜਾਂਦੇ ਸਨ।

ਬੜੇ ਸਤਿਕਾਰਕ ਅਤੇ ਮੋਹਰੀ ਸਿੱਖ ਭਾਈ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੇ ਅਕਾਲ ਚਲਾਣਾ ਕਰ ਜਾਣ ਕਰਕੇ ਸਿੱਖਾਂ ਨੂੰ ਬਹੁਤ ਵੱਡਾ ਘਾਟਾ ਪਿਆ। ਦੋਨੋ ਹੀ ਕਈ ਸਾਲਾਂ ਤੋਂ ਸਿੱਖਾਂ ਦੇ ਬੜੇ ਸ਼ਕਤੀਸ਼ਾਲੀ ਰਖਵਾਲੇ ਚਲੇ ਆ ਰਹੇ ਸਨ। ਤੇਗ਼ ਬਹਾਦੁਰ ਜੀ ਵਾਸਤੇ ਤਾਂ ਉਹ ਸਿੱਖੀ ਜੀਵਨ ਦੀ ਜ਼ਿੰਦਾ ਮਿਸਾਲ ਅਤੇ ਤਜਰਬੇਕਾਰ ਮੁਰਸ਼ਦ (student) ਸਨ। ਆਪ ਜੀ ਉਹਨਾਂ ਦਾ ਉਤਨਾ ਹੀ ਸਤਿਕਾਰ ਕਰਦੇ ਸਨ ਜਿੰਨਾ ਕਿ ਆਪਣੇ ਪਿਤਾ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ।

***********************************

# ੩. ਕਰਤਾਰਪੁਰ ਵਿਖੇ ਠਹਿਰਨਾ

**੧੬੩੫-੧੬੪੪ ਈਸਵੀ (ਉਮਰ ੧੩-੨੩ ਸਾਲ) :** ਛੇਵੇਂ ਨਾਨਕ ਅੰਮ੍ਰਿਤਸਰ ਤੋਂ ਸਰਬ-ਪਰਵਾਰ ਸਹਿਤ ਕੀਰਤਪੁਰ ਸਾਹਿਬ ਚਲੇ ਗਏ। ਤੇਗ਼ ਬਹਾਦੁਰ ਜੀ ਵੀ ਪਰਵਾਰ ਨਾਲ ਉਥੇ ਚਲੇ ਗਏ। ਉਹਨਾਂ ਨੇ ਇਸ ਸਮੇਂ ਦੌਰਾਨ ਬਹੁਤਾ ਸਮਾਂ ਕੀਰਤਪੁਰ ਹੀ ਗੁਜ਼ਾਰਿਆ। ਉਹ ਸੰਗਤ ਦੀ ਸੇਵਾ ਕਰਿਆ ਕਰਦੇ ਸਨ ਅਤੇ ਕਦੇ ਕਦੇ ਸ਼ਬਦ ਕਥਾ ਵੀ ਕਰਦੇ ਸਨ। ਕੁਝ ਸਮਾਂ ਉਹਨਾਂ ਬਕਾਲਾ ਵਿਚ ਬਿਤਾਇਆ ਜਿਥੇ ਉਹਨਾਂ ਦੇ ਸਸੁਰਾਲ ਉਸ ਸਮੇਂ ਰਹਿੰਦੇ ਸਨ।

**੧੬੩੮ ਈਸਵੀ (ਉਮਰ ੧੭ ਸਾਲ):** ਛੇਵੇਂ ਨਾਨਕ ਦਾ ਜੇਠਾ ਸਪੁੱਤਰ ਬਾਬਾ ਗੁਰਦਿੱਤਾ ਦਾ ਦਿਹਾਂਤ ਹੋ ਗਿਆ। ਛੇਵੇਂ ਨਾਨਕ ਨੇ ਬਾਬਾ ਗੁਰਦਿੱਤਾ ਦੇ ਵੱਡੇ ਸਪੁੱਤਰ ਹਰਿ ਰਾਏ ਨੂੰ ਆਪਣਾ ਜਾਨਸ਼ੀਨ ਸਤਵਾਂ ਨਾਨਕ ਥਾਪਣ ਲਈ ਪਾਲਣ ਪੋਸਣ ਕੀਤਾ।

**੧੬੪੪ ਈਸਵੀ (ਉਮਰ ੨੩ ਸਾਲ):** ੩ ਮਾਰਚ, ੧੬੪੪ ਨੂੰ ਛੇਵੇਂ ਨਾਨਕ ਜੋਤੀ ਜੋਤ ਸਮਾ ਗਏ। ਉਹਨਾਂ ਨੇ ਆਪਣੀ ਗੁਰਗੱਦੀ ਦੀ ਜ਼ਿੰਮੇਦਾਰੀ ਹਰਿ ਰਾਏ (ਸਪੁੱਤਰ ਬਾਬਾ ਗੁਰਦਿੱਤਾ ਜੀ) ਨੂੰ ਸੌਂਪ ਦਿਤੀ।

**********************************

# ੪. ਬਕਾਲਾ ਵਿਖੇ ਨਿਵਾਸ

**੧੬੪੪-੧੬੫੬ ਈਸਵੀ (ਉਮਰ ੨੩-੩੫ ਸਾਲ):** ਛੇਵੇਂ ਨਾਨਕ ਦੇ ਜੋਤੀ ਜੋਤ ਸਮਾ ਜਾਣ ਤੋਂ ਛੇਤੀ ਹੀ ਬਾਅਦ, ਮਾਤਾ ਨਾਨਕੀ ਜੀ (ਤੇਗ਼ ਬਹਾਦੁਰ ਜੀ ਦੇ ਮਾਤਾ ਜੀ) ਤੇਗ਼ ਬਹਾਦੇਰ ਜੀ ਅਤੇ ਉਹਨਾਂ ਦੀ ਪਤਨੀ (ਮਾਤਾ ਗੂਜਰੀ ਜੀ) ਨੂੰ ਆਪਣੇ ਪੇਕੇ ਬਕਾਲਾ ਨਗਰ ਲੈ ਗਏ ਜੋ ਕਿ ਬਿਆਸ ਦਰਿਆ ਦੇ ਕਿਨਾਰੇ ਹੈ। ਕੁਝ ਲੋਕ ਕਹਿੰਦੇ ਹਨ ਕਿ ਭਾਈ ਮਹਿਰਾ ਨੇ, ਜੋ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸ਼ਰਧਾਲੂ ਸਿੱਖ ਸੀ, ਤੇਗ਼ ਬਹਾਦੁਰ ਜੀ ਲਈ ਇਕ ਘਰ ਬਣਵਾਇਆ ਜਿਥੇ ਉਹ ਆਮ ਵਿਅੱਕਤੀ ਦੀ ਤਰ੍ਹਾਂ ਰਹਿੰਦੇ ਰਹੇ। ਨੇੜੇ ਤੇੜੇ ਦੇ ਸਿੱਖ ਤੇਗ਼ ਬਹਾਦੁਰ ਜੀ ਨੂੰ ਮਿਲਣ ਆਉਂਦੇ ਜਦ ਕਿ ਤੇਗ਼ ਬਹਾਦੁਰ ਜੀ ਸੰਗਤਾਂ ਨੂੰ ਬਾਣੀ ਦੀ ਵਿਆਖਿਆ ਅਤੇ ਗੁਰੂਆਂ ਦੇ ਜੀਵਨ ਦਾ ਇਤਿਹਾਸ ਸੁਣਾਉਂਦੇ। ਉਹ ਸਮੇਂ ਸਮੇਂ ਗੋਇੰਵਾਲ, ਗੁਰੁ ਕਾ ਚੱਕ (ਅੰਮ੍ਰਿਤਸਰ), ਕਰਤਾਰਪੁਰ ਅਤੇ ਕੀਰਤਪੁਰ ਵੀ ਜਾਂਦੇ ਰਹਿੰਦੇ।

ਇਹ ਬਿਲਕੁਲ ਗਲਤ ਖਿਆਲ ਹੈ *(ਜਿਵੇਂ ਕੁਝ ਇਤਿਹਾਸਕਾਰਾਂ ਨੇ ਲਿਖਿਆ ਹੈ)* ਕਿ ਤੇਗ਼ ਬਹਾਦੁਰ ਜੀ ਨੇ ਆਪਣੇ ਘਰ ਵਿਚ ਇਕ 'ਭੋਰਾ' ਬਣਵਾਇਆ ਜਿਥੇ ਉਹ ਇਕਾਂਤ ਵਿਚ ਬੈਠ ਕੇ ਰੱਬ ਦੀ ਭਗਤੀ ਕਰਿਆ ਕਰਦੇ ਸਨ। ਹਿੰਦੂ ਮੱਤ ਦੀ ਰਵਾਇਤ ਅਨੁਸਾਰ ਆਪਣੀ 'ਸਵੈ-ਸਵੱਛਤਾ' ਲਈ ਇਕਾਂਤ ਵਿਚ ਬੈਠ ਕੇ ਭਗਤੀ ਕਰਨਾ ਸਿੱਖ ਫ਼ਲਸਫ਼ੇ ਦੇ ਉਲਟ ਹੈ। ਗੁਰੂ ਨਾਨਕ ਸਾਹਿਬ ਜੀ ਦੀਆਂ ਅਧਿਅਤਮਿਕ ਸਿਖਿਆਵਾਂ ਸਨ ਕਿ ਦੈਵੀ ਰੌਸ਼ਨੀ ਹਾਸਲ ਕਰਨ ਤੋਂ ਬਾਅਦ ਦੂਜੇ ਲੋਕਾਂ ਨੂੰ ਅੰਧੇਰੇ ਵਿਚੋਂ ਬਾਹਰ ਕੱਢ ਕੇ ਉਹਨਾਂ ਨੂੰ ਦੁਨੀਆ ਤੋਂ ਮੁਕਤ ਕਰਨਾ ਹੁੰਦਾ ਹੈ। ਜਪੁਜੀ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਜੀ ਕਹਿੰਦੇ ਹਨ: "ਵਿਣੁ ਗੁਣ ਕੀਤੇ ਭਗਤਿ ਨ ਹੋਇ"।

ਤੇਗ਼ ਬਹਾਦੁਰ ਸਾਹਿਬ ਜੀ ਨੇ ਇਸ ਮੰਤਵ ਲਈ ਲੰਬੀਆ ਮਿਸਨਰੀ ਯਾਤਰਾਵਾਂ ਕੀਤੀਆਂ । ਉਹਨਾਂ ਨੇ ਰੱਬ ਦੀ ਰਜ਼ਾ ਵਿਚ ਰਹਿੰਦਿਆਂ ਨੈਤਿਕਤਾ ਅਤੇ ਅਧਿਆਤਮਿਕ ਹਿੰਮਤ ਸਦਕਾ ਹੋਰਨਾਂ ਦੀ ਸੇਵਾ ਵਿਚ ਬਹੁਤ ਸਮਾਂ ਬਤੀਤ ਕੀਤਾ। ਜਦ ਛੇਵੇਂ ਨਾਨਕ ਨੇ ਹਰਿ ਰਾਏ ਜੀ ਨੂੰ ਗੁਰਗੱਦੀ ਦੀ ਜ਼ਿੰਮੇਦਾਰੀ ਦੀ ਸੌਂਪਣਾ ਕੀਤੀ ਤਾਂ ਆਪ ਜੀ ਨੇ ਇਸ ਫ਼ੈਸਲੇ ਦਾ ਕੋਈ ਵਿਰੋਧ ਨਾ ਕੀਤਾ।(ਗੁਰੂ) ਤੇਗ ਬਹਾਦਰ ਜੀ ਪਹਿਲੇ ਵਿਅਕਤੀ ਸਨ ਜਿਹਨਾਂ ਨੇ ਗੁਰੂ ਹਰਿ ਰਾਏ ਜੀ ਨੂੰ ਮੱਥਾ ਟੇਕਿਆ।

**********************************

# ੫. ਪੂਰਬੀ ਭਾਰਤ ਵਿਚ ਪਹਿਲੀ ਮਿਸ਼ਨਰੀ ਯਾਤਰਾ

**੧੬੫੬-੧੬੬੬ ਈਸਵੀ (ਉਮਰ ੩੫-੪੫ ਸਾਲ):** ਸਤਵੇਂ ਨਾਨਕ ਕੀਰਤਪੁਰ ਵਿਖੇ ਰਹਿ ਰਹੇ ਸਨ ਅਤੇ ਸਿੱਖੀ ਦੇ ਪਰਚਾਰ ਨੂੰ ਸਮਰਪਿਤ ਸਨ। ਤੇਗ਼ ਬਹਾਦੁਰ ਜੀ ਬਕਾਲਾ ਨਗਰ ਦੇ ਇਰਦ ਗਿਰਦ ਸਿੱਖੀ ਦਾ ਪਰਚਾਰ ਕਰ ਰਹੇ ਸਨ। ੧੬੫੬ ਈਸਵੀ ਦੌਰਾਨ ਤੇਗ਼ ਬਹਾਦੁਰ ਜੀ ਸਤਵੇਂ ਨਾਨਕ ਜੀ ਨੂੰ ਮਿਲਣ ਕੀਰਤਪੁਰ ਗਏ। ਉਸੇ ਸਮੇਂ ਹੀ ਆਗਰਾ, ਅਲਾਹਬਾਦ, ਪਟਨਾ, ਅਸਾਮ ਅਤੇ ਢਾਕਾ ਤੋਂ ਸਿੱਖ ਸਤਵੇਂ ਨਾਨਕ ਜੀ ਨੂੰ ਮਿਲਣ ਆਏ। ਇਹਨਾਂ ਸਿੱਖਾਂ ਨੇ ਸਤਵੇਂ ਨਾਨਕ ਨੂੰ ਉਹਨਾਂ ਦੇ ਇਲਾਕੇ ਦਾ ਦੌਰਾ ਕਰਨ ਲਈ ਅਤੇ ਸੰਗਤਾਂ ਨੂੰ ਆਸ਼ੀਰਵਾਦ ਦੇਣ ਲਈ ਕਿਹਾ। ਸਤਵੇਂ ਨਾਨਕ ਗੁਰੂ ਜੀ ਨੇ ਦਸਿਆ ਕਿ ਸਿੱਖ ਸੰਗਤਾਂ ਬਹੁਤ ਵੱਡੀ ਗਿਣਤੀ ਵਿਚ ਦਰਸ਼ਨਾਂ ਲਈ ਕਰੀਤਪੁਰ ਲਗਾਤਾਰ ਆਉਂਦੇ ਰਹਿੰਦੇ ਹਨ ਅਤੇ ਉਹਨਾਂ ਨੂੰ ਮਿਲਣ ਲਈ ਉਹ ਉਥੇ ਰਹਿੰਦੇ ਹਨ। ਉਹਨਾਂ ਨੇ ਆਪਣੇ ਚਾਚਾ ਜੀ - ਤੇਗ਼ ਬਹਾਦੁਰ ਜੀ - ਨੂੰ ਪੂਰਬੀ ਭਾਰਤ ਦਾ ਦੌਰਾ ਕਰਕੇ ਸਿੱਖਾਂ ਦੀ ਮਦਦ ਕਰਨ ਲਈ ਕਿਹਾ। ਗੁਰੂ ਜੀ ਦੇ ਕਹਿਣ ਅਨੁਸਾਰ, ਤੇਗ਼ ਬਹਾਦੁਰ ਜੀ ੬ ਜੂਨ, ੧੬੫੬ ਨੂੰ ਪੂਰਬੀ ਭਾਰਤ ਦਾ ਦੌਰਾ ਕਰਨ ਲਈ ਚੱਲ ਪਏ। ਉਹਨਾਂ ਦੇ ਨਾਲ ਉਹਨਾਂ ਦਾ ਪਰਵਾਰ ਅਤੇ ਕੁਝ ਪ੍ਰਮੁੱਖ ਸਿੱਖ ਵੀ ਸਨ।

**੧੬੫੭ ਈਸਵੀ (ਉਮਰ ੩੬ ਸਾਲ):** ੨੯ ਮਾਰਚ ਨੂੰ ਤੇਗ਼ ਬਹਾਦੁਰ ਜੀ ਹਰਿਦੁਆਰ ਪਹੁੰਚ ਗਏ। ਰਸਤੇ ਵਿਚ ਉਹ ਕਈ ਥਾਵਾਂ ਤੇ ਠਹਿਰੇ ਅਤੇ ਹਰਿਦੁਆਰ ਵਿਚ ਡੇਢ ਮਹੀਨਾ ਰਹੇ। ਉਹ ਆਸ ਪਾਸ ਦੇ ਇਲਾਕਿਆਂ ਵਿਚ ਵੀ ਗਏ। ਫਿਰ ਉਹ ਆਗਰਾ ਗਏ ਅਤੇ ਉਥੇ ਕੁਝ ਮਹੀਨੇ ਠਹਿਰੇ। ਉਥੇ ਵੀ ਉਹ ਕਈ ਆਸ ਪਾਸ ਦੇ ਖੇਤਰਾਂ ਵਿਚ ਗਏ। ਮਾਤਾ ਗੁਜਰੀ ਜੀ ਉਹਨਾਂ ਦੇ ਨਾਲ ਸਨ।

**੧੬੬੧ ਈਸਵੀ (ਉਮਰ ੪੦ ਸਾਲ):** ਜੂਨ ਵਿਚ ਤੇਗ਼ ਬਹਾਦੁਰ ਜੀ ਗਯਾ ਅਤੇ ਪਟਨਾ ਵੱਲ ਚੱਲ ਪਏ। ਜੁਲਾਈ ਵਿਚ ਉਹ ਪਟਨਾ ਪਹੁੰਚ ਗਏ। ਉਹਨਾਂ ਨੇ ਕੁਝ ਮਹੀਨੇ ਬਿਹਾਰ, ਬੰਗਾਲ ਅਤੇ ਆਸਾਮ ਵਿਚ ਬਿਤਾਏ। ਜਦ ਉਹ ਪੂਰਬ ਵੱਲ ਨੂੰ ਜਾਣ ਲਈ ਚਲੇ, ਤਾਂ ਮਾਤਾ ਗੁਜਰੀ ਜੀ ਅਤੇ ਪਰਵਾਰ ਪਟਨਾ ਵਿਚ ਠਹਿਰ ਗਏ।

**੧੬੬੧ ਈਸਵੀ (ਉਮਰ ੪੦ ਸਾਲ):** ੬ ਅਕਤੂਬਰ ੧੬੬੧ ਨੂੰ ਸਤਵੇਂ ਨਾਨਕ ਜੋਤੀ ਜੋਤ ਸਮਾ ਗਏ। ਉਹਨਾਂ ਨੇ ਗੁਰਗੱਦੀ ਸੰਭਾਲਣ ਦੀ ਜ਼ਿੰਮੇਦਾਰੀ ਆਪਣੇ ਛੋਟੇ ਸਪੁੱਤਰ ਹਰਿ ਕ੍ਰਿਸ਼ਨ ਜੀ ਨੂੰ ਸੌਂਪ ਦਿਤੀ। ਅਠਵੇਂ ਨਾਨਕ ਉਸ ਸਮੇਂ ਲਗ ਭਗ ੫ ਸਾਲ ਅਤੇ ੩ ਮਹੀਨਿਆਂ ਦੇ ਸਨ। ਸਤਵੇਂ ਨਾਨਕ ਦੇ ਵੱਡੇ ਪੁੱਤਰ ਬਾਬਾ ਰਾਮ ਰਾਏ ਜੀ ਸਨ।

**੧੬੬੪ ਈਸਵੀ (ਉਮਰ ੪੩ ਸਾਲ):** ਅਟਵੇਂ ਨਾਨਕ ਜੀ ਦਿੱਲੀ ਵਿਚ ੨੪ ਮਾਰਚ ਨੂੰ ਚੀਚਕ ਦੇ ਸ਼ਿਕਾਰ ਹੋ ਗਏ ਕਿਉਂਕਿ ਇਹ ਛੂਤ ਦੀ ਬੀਮਾਰੀ ਸ਼ਹਿਰ ਵਿਚ ਫੇਲੀ ਹੋਈ ਸੀ। ਗੁਰੂ ਜੀ ਦੀ ਹਾਲਤ ਦਿਨ-ਬ-ਦਿਨ ਵਿਗੜਦੀ ਗਈ। ਆਖਰਕਾਰ ੩੦ ਮਾਰਚ, ੧੬੬੪ ਨੂੰ ਅਟਵੇਂ ਨਾਨਕ ਜੀ ੭ ਸਾਲ ਅਤੇ ਸਾਢੇ ੮ ਮਹੀਨੇ ਦੀ ਆਯੂ ਵਿਚ ਜੋਤੀ ਜੋਤ ਸਮਾ ਗਏ। ਬਹੁਤ ਤੇਜ਼ ਬੁਖਾਰ ਹੋਣ ਦੀ ਸੂਰਤ ਵਿਚ ਗੁਰੂ ਜੀ ਬਹੁਤ

ਕਮਜ਼ੋਰ ਅਤੇ ਸੁਸਤ ਹੋ ਗਏ ਸਨ। ਉਹ ਇਤਨਾ ਹੀ ਕਹਿ ਸਕੇ ਕਿ ਗੁਰਗੱਦੀ 'ਬਕਾਲੇ ਵਿਚ ਬਾਬਾ' ਜੀ ਨੂੰ ਸੌਂਪ ਦਿਤੀ ਜਾਵੇ। 'ਬਾਬਾ' ਸ਼ਬਦ ਪੰਜਾਬੀ ਭਾਸ਼ਾ ਵਿਚ ਆਮ ਕਰਕੇ ਦਾਦਾ/ਨਾਨਾ ਨੂੰ ਬੋਲਿਆ ਜਾਂਦਾ ਹੈ। ਤੇਗ਼ ਬਹਾਦੁਰ ਜੀ ਅਟਵੇਂ ਨਾਨਕ ਦੇ ਦਾਦਾ ਸਮਾਨ ਸਨ ਅਤੇ ਉਸ ਸਮੇਂ ਬਕਾਲਾ ਵਿਚ ਰਹਿੰਦੇ ਸਨ। ਅਟਵੇਂ ਨਾਨਕ ਦਾ ਸੰਦੇਸ਼ ਸੀ ਕਿ ਤੇਗ਼ ਬਹਾਦੁਰ ਜੀ ਨੂੰ ਸਿੱਖਾਂ ਦੇ ਨੌਵੇਂ ਨਾਨਕ ਵਜੋਂ ਪ੍ਰਵਾਨ ਕਰ ਲਿਆ ਜਾਵੇ।

************************************

# ੬. ਸੱਚੇ ਗੁਰੂ ਦਾ ਐਲਾਨ ਹੋਣਾ

**ਗੁਰਗੱਦੀ ਲਈ ੨੨ ਦਾਅਵੇਦਾਰ:** ਗੁਰੂ ਜੀ ਦਾ ਬਕਾਲੇ ਵਿਚ ਹੋਣ ਦੀ ਖਬਰ ਆਮ ਸਿੱਖਾਂ ਵਿਚ ਫ਼ੈਲ ਗਈ। ਅਠਵੇਂ ਨਾਨਕ ਨੇ ਕਿਉਂਕਿ ਸਪਸ਼ਟ ਤੌਰ ਤੇ ਅਗਲੇ ਗੁਰੂ ਦਾ ਨਾਮ ਨਹੀਂ ਬੋਲਿਆ ਸੀ, ਸੋ ਗੁਰਗੱਦੀ ਦੇ ਕਈ ਸ਼ੱਕੀ ਦਾਅਵੇਦਾਰ ਬਣ ਗਏ। ਕਈ ਲੋਕ 'ਬਾਬਾ' ਸ਼ਬਦ ਦਾ ਫ਼ਾਇਦਾ ਉਠਾਉਣ ਦਾ ਵਿਚਾਰ ਕਰ ਰਹੇ ਸਨ। ਸੋਢੀ ਪਰਵਾਰ ਵਿਚੋਂ ੨੨ ਦਾਅਵੇਦਾਰ ਬਕਾਲਾ ਆ ਗਏ ਅਤੇ ਸਧਾਰਨ ਪੈਰੋਕਾਰਾਂ ਨੂੰ ਧੋਖਾ ਦੇਣ ਲਈ ਡੇਰੇ ਲਗਾ ਬੈਠੈ। ਹਰ ਕੋਈ ਆਪਣੇ ਆਪ ਨੂੰ ਅਗਲਾ ਗੁਰੂ ਹੋਣ ਦਾ ਹੱਕ ਜਮਾ ਰਿਹਾ ਸੀ। ਧੀਰਮੱਲ ਉਹਨਾਂ ਸਭਨਾ ਵਿਚੋਂ ਜ਼ਿਆਦਾ ਪ੍ਰਮੁੱਖ ਸੀ। ਉਹ ਗੁਰੂ ਹਰਿ ਰਾਏ ਜੀ ਦਾ ਵੱਡਾ ਭਾਈ ਸੀ ਅਤੇ ਉਸਦੇ ਕਬਜ਼ੇ ਵਿਚ ਪੰਜਵੇਂ ਨਾਨਕ ਦੀ ਤਿਆਰ ਕੀਤੀ ਹੋਈ (ਗੁਰੂ) ਗਰੰਥ ਸਾਹਿਬ ਜੀ ਦਾ ਪਹਿਲਾ ਸਰੂਪ ਸੀ। ਇਸ ਸਾਰੇ ਝਮੇਲੇ ਵਿਚ ਲੋਕ ਗੁੰਮਰਾਹ, ਧੋਖਾ-ਗ੍ਰਸਤ ਅਤੇ ਪਰੇਸ਼ਾਨ ਹੋ ਰਹੇ ਸਨ।

**'ਗੁਰੂ ਲਾਧੋ ਰੇ' (ਗੁਰੁ ਲੱਭਿਆ)**: ਇਸ ਸਮੇਂ ਤੱਕ ਸਿੱਖਾ ਨੇ ਦੂਰ ਦੂਰ ਤੋਂ ਇਥੇ ਪਹੁੰਚਣਾ ਸ਼ੁਰੂ ਕਰ ਦਿਤਾ ਸੀ; ਸਾਲ ਵਿਚ ਘੱਟ ਤੋਂ ਘੱਟ ਇਕ ਵਾਰ ਜ਼ਰੂਰ [3]ਦਸਵੰਧ ਅਦਾ ਕਰਨ ਲਈ। ਅਜਿਹਾ ਹੀ ਇਕ ਸਿਦਕੀ ਸਿੱਖ ਮੱਖਣ ਸ਼ਾਹ ਲੁਬਾਣਾ ਸੀ, ਜੋ ਪੰਜਾਬ ਦੇ ਸ਼ਹਿਰ ਜੇਹਲਮ ਦਾ ਵਸਨੀਕ ਸੀ। ਉਹ ਇਕ ਸਫ਼ਲ ਵਿਉਪਾਰੀ ਸੀ। ਉਹ ਗੁਰੂ ਜੀ ਪ੍ਰਤੀ ਸਤਿਕਾਰ ਅਤੇ ਦਸਵੰਧ (ਉਸ ਵੇਲੇ ੫੦੦ ਸੋਨੇ ਦੀਆ ਮੋਹਰਾਂ) ਵਜੋਂ ਭੇਂਟ ਕਰਨ ਲਈ ਗੁਰੂ ਜੀ ਕੋਲ ਆਇਆ। ਜਦੋਂ ਉਹ ਬਕਾਲਾ ਪਹੁੰਚਿਆ ਤਾਂ ਉਹ ੨੨ ਬਹੁ-ਰੂਪੀਆਂ ਨੂੰ ਗੁਰੂ ਹੋਣ ਦੇ ਸਵੈ-ਦਾਅਵੇਦਾਰ ਬਣੇ ਦੇਖ ਕੇ ਝੁੰਝਲਾ ਗਿਆ। ਉਹ ੫੦੦ ਮੋਹਰਾਂ ਅਸਲੀ ਗੁਰੂ ਨੂੰ ਦੇਣਾ ਚਾਹੁੰਦਾ ਸੀ। ਕੁਝ ਦਿਨਾਂ ਦੇ ਝੰਬੇਲੇ ਤੋਂ ਬਾਅਦ, ਉਸਨੂੰ ਗੁਰੂ ਹੋਣ ਦਾ ਅਸਲੀ ਹੱਕਦਾਰ ਲੱਭਣ ਦਾ ਇਕ ਰਸਤਾ ਸੁਝਿਆ।

ਉਹ ਗੁਰਗੱਦੀ ਦੇ ਸਾਰੇ ੨੨ ਦਾਅਵੇਦਾਰਾਂ ਕੋਲ ਵਾਰੀ ਵਾਰੀ ਗਿਆ ਅਤੇ ਹਰ ਕਿਸੇ ਦੇ ਅੱਗੇ ਦੋ ਦੋ ਮੋਹਰਾ ਰਖਦਾ ਗਿਆ। ਜਦ ਕਿਸੇ ਨੇ ਵੀ ੫੦੦ ਮੋਹਰਾਂ ਦੀ ਗੱਲ ਨਾ ਕੀਤੀ ਜੋ ਉਹ ਲੈ ਕੇ ਆਇਆ ਸੀ, ਤਾਂ ਉਸਨੇ ਜਾਣ ਲਿਆ ਕਿ ਉਹ ਸਭ ਝੂਠੇ ਸਨ। ਹੋਰ ਪੁੱਛ ਗਿਛ ਕਰਨ ਤੇ ਉਸਨੂੰ ਪਤਾ ਲੱਗਾ ਕਿ ਤੇਗ਼ ਬਹਾਦੁਰ ਨਾਮ ਦਾ ਇਕ ਹੋਰ ਵਿਅੱਕਤੀ ਸੀ ਜੋ ਸੰਤ-ਸੁਭਾਅ ਵਾਲਾ ਸੀ ਅਤੇ ਇਸ ਸਮੇਂ ਭਗਤੀ ਕਰ ਰਿਹਾ ਸੀ। ਹੋਰ ਸਮਾਂ ਗਵਾਉਣ ਦੀ ਬਜਾਏ, ਮੱਖਣ ਸ਼ਾਹ ਉਸਨੂੰ ਮਿਲਣ ਲਈ ਦੌੜਿਆ ਅਤੇ ਉਸਨੂੰ

ਸ਼ਾਮ ਦੀ ਪ੍ਰਾਰਥਨਾ ਵਿਚ ਲੀਨ ਦੇਖਿਆ। ਮੱਖਣ ਸ਼ਾਹ ਨੇ ਸੀਸ ਨਿਵਾਇਆ ਅਤੇ ਦੋ ਮੋਹਰਾਂ ਉਸਦੇ ਅੱਗੇ ਰਖ ਦਿਤੀਆਂ। ਤੇਗ਼ ਬਹਾਦੁਰ ਜੀ ਨੇ ਆਸ਼ੀਰਵਾਦ ਦਿਤਾ ਅਤੇ ੫੦੦ ਮੋਹਰਾਂ ਬਾਰੇ ਪੁਛਿਆ ਜੋ ਉਸਨੇ ਆਪਣੇ ਨਾਲ ਲਿਆਂਦੀਆ ਸਨ। ਇਹ ਸੁਣਕੇ ਮੱਖਣ ਸ਼ਾਹ ਦਾ ਦਿਲ ਖੁਸ਼ੀ ਨਾਲ ਗਦ ਗਦ ਹੋ ਗਿਆ। ਉਹ ਬਾਹਰ ਦੌੜ ਕੇ ਛੱਤ ਉਪਰ ਚੜ੍ਹ ਗਿਆ ਅਤੇ ਜ਼ੋਰ ਜ਼ੋਰ ਨਾਲ ਕੂਕਣ ਲੱਗਾ: "ਗੁਰੂ ਲਾਧੋ ਰੇ, ਗੁਰੂ ਲਾਧੋ ਰੇ।" (ਗੁਰੂ ਲੱਭ ਪਿਆ, ਗੁਰੂ ਲੱਭ ਪਿਆ; ਮੈਨੂੰ ਗੁਰੂ ਲੱਭ ਪਿਆ)। ਇਸ ਉਚੀ ਆਵਾਜ਼ ਨੂੰ ਸੁਣ ਕੇ ਸਿੱਖਾਂ ਨੇ ਬਹਿ-ਰੂਪੀਆਂ ਨੂੰ ਛੱਡ ਦਿਤਾ ਅਤੇ ਤੇਗ਼ ਬਹਾਦੁਰ ਜੀ ਨੂੰ 'ਸੱਚਾ ਗੁਰੂ' ਮੰਨ ਕੇ ਉਹਨਾਂ ਪ੍ਰਤੀ ਸਤਿਕਾਰ ਜਤਾਇਆ।

ਅਗਸਤ ੧੬੬੪ ਵਿਚ, ਸਿੱਖ ਸੰਗਤਾਂ, ਦੀਵਾਨ ਦੁਰਗਾ ਮੱਲ ਦੀ ਅਗਵਾਈ ਹੇਠ, ਬਕਾਲੇ ਪਹੁੰਚੀਆ ਅਤੇ ਤੇਗ਼ ਬਹਾਦੁਰ ਜੀ ਨੂੰ ਸਿੱਖਾਂ ਦੇ ਨੌਵੇਂ ਗੁਰੁ ਵਜੋਂ ਟਿੱਕਾ ਰਸਮ ਅਦਾ ਕੀਤੀ।

ਆਪਣੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਕਸ਼ੇ-ਕਦਮਾਂ ਤੇ ਚਲੋਂਦਿਆਂ, ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਨੇ ਆਪਣੇ ਇਰਦ ਗਿਰਦ ਸ਼ਸਤਰਧਾਰੀ ਰਖਿਅਕਾਂ ਦਾ ਘੇਰਾ ਬਣਾਇਆ ਅਤੇ ਹੋਰ ਵੀ ਸ਼ਾਹੀ ਚਿੰਨ੍ਹ ਧਾਰਣ ਕੀਤੇ। ਫਿਰ ਵੀ ਉਹ ਸਧਾਰਨ ਜੀਵਨ ਬਸਰ ਕਰਦੇ ਰਹੇ।

..........................................................................................

*(੩). ਦਸਵੰਧ ਦੀ ਪ੍ਰਥਾ ਅੰਮ੍ਰਿਤਸਰ ਸ਼ਹਿਰ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਵਾਸਤੇ ਮਾਇਆ ਇਕੱਠੀ ਕਰਨ ਲਈ ਪੰਜਵੇਂ ਨਾਨਕ ਨੇ ਸ਼ੁਰੂ ਕੀਤੀ।*

**********************************

# ੭. ਖਿਮਾਂ ਦਾ ਸੰਦੇਸ਼

**੧੬੬੪ ਈਸਵੀ** (ਉਮਰ ੪੩ ਸਾਲ): 'ਸੱਚੇ' ਗੁਰੂ ਬਾਰੇ ਮੱਖਣ ਸ਼ਾਹ ਦੇ ਐਲਾਨ ਨੇ ਧੋਖੇਬਾਜ਼ ਪਖੰਡੀਆਂ ਨੂੰ ਡਰਾ ਦਿਤਾ। ਉਹਨਾਂ ਦੀ ਖੇਡ ਖਤਮ ਹੋ ਗਈ; ਬਹੁਤੇ ਬਕਾਲਾ ਛੱਡ ਕੇ ਆਪਣੇ ਘਰੀਂ ਚਲੇ ਗਏ। ਫਿਰ ਵੀ, ਧਰਿ ਮੱਲ ਬਕਾਲੇ ਬੈਠਾ ਰਿਹਾ। ਉਹ ਲਗਾਤਾਰ ਈਰਖਾਲੂ ਬਣਿਆ ਰਿਹਾ ਅਤੇ ਗੁਰੂ ਜੀ ਦਾ ਨੁਕਸਾਨ ਕਰਨ ਦੇ ਤਰੀਕੇ ਲਭਦਾ ਰਿਹਾ। ਉਸਨੇ ਸ਼ਹਿਾਂ ਨਾਮੀ ਇਕ ਮਸੰਦ ਨੂੰ ਰਿਸ਼ਵਤ ਦਿਤੀ ਕਿ ਗੁਰੂ ਸਾਹਿਬ ਨੂੰ ਗੋਲੀ ਮਾਰ ਕੇ ਮਾਰ ਦੇਵੇ। ਗੁਰੂ ਜੀ ਉਸਦੇ ਹਮਲੇ ਤੋਂ ਬਚ ਗਏ। ਸ਼ਹਿਾਂ ਅਤੇ ਉਸਦੇ ਸਾਥੀਆਂ ਨੇ ਗੁਰੂ ਜੀ ਦਾ ਘਰ ਲੁੱਟ ਲਿਆ ਅਤੇ ਗੁਰੂ ਜੀ ਦਾ ਸਾਰਾ ਸਮਾਨ ਲੈ ਕੇ ਦੌੜ ਗਏ ਅਤੇ ਧਰਿ ਮੱਲ ਵੀ ਕਰਤਾਰਪੁਰ ਚਲਾ ਗਿਆ। ਗੁਰੂ ਜੀ ਸ਼ਾਂਤ ਰਹੇ ਅਤੇ ਉਹਨਾਂ ਪ੍ਰਤੀ ਕੋਈ ਨਰਾਜ਼ਗੀ ਪਰਗਟ ਨਾ ਕੀਤੀ।

ਮੱਖਣ ਸ਼ਾਹ ਅਤੇ ਹੋਰ ਸਿੱਖ ਵੀ ਹਾਲੇ ਬਕਾਲਾ ਵਿਚ ਹੀ ਸਨ। ਜਦੋਂ ਮੱਖਣ ਸ਼ਾਹ ਨੂੰ ਇਸ ਵਾਰਦਾਤ ਬਾਰੇ ਪਤਾ ਚਲਿਆ, ਉਹਨੇ ਕੁਝ ਸਿੱਖਾਂ ਨੂੰ ਇਕੱਠਿਆਂ ਕੀਤਾ ਅਤੇ ਧਰਿ ਮੱਲ ਦਾ ਪਿੱਛਾ ਕੀਤਾ। ਉਹਨਾਂ ਨੇ ਗੁਰੂ ਜੀ ਦਾ ਸਾਰਾ ਸਮਾਨ, ਗੁਰੂ ਗਰੰਥ ਸਮੇਤ, ਉਸਤੋਂ ਬਰਾਮਦ ਕਰ ਲਿਆ। ਫਿਰ ਵੀ, ਗੁਰੂ ਜੀ ਨੇ ਮੱਖਣ ਸ਼ਾਹ ਨੂੰ ਸਾਰਾ ਸਮਾਨ, ਗੁਰੂ ਗਰੰਥ ਸਮੇਤ, ਧਰਿ ਮੱਲ ਨੂੰ ਵਾਪਸ ਕਰ ਦੇਣ ਦੀ ਹਦਾਇਤ ਕੀਤੀ। ਗੁਰੂ ਜੀ ਨੇ ਉਸ ਵਿਅੱਕਤੀ ਨੂੰ ਵੀ ਮੁਆਫ਼ ਕਰ ਦਿਤਾ ਜਿਸ ਨੇ ਗੁਰੂ ਜੀ ਤੇ ਗੋਲੀ ਚਲਾਈ ਸੀ। ਸਿੱਖਾਂ ਨੇ ਸੋਚਿਆ ਕਿ ਗਰੰਥ ਸਾਹਿਬ ਧਰਿ ਮੱਲ ਦੀ ਨਿੱਜੀ ਜਾਇਦਾਦ ਨਹੀਂ ਜਦ ਕਿ ਗਰੰਥ ਸਾਹਿਬ ਦਾ ਸਬੰਧ ਗੁਰੂ ਜੀ ਅਤੇ ਸਿੱਖਾਂ ਾਂਨਾਲ ਹੈ।

ਸਿੱਖ ਧਰਿ ਮੱਲ ਨਾਲ ਅਤੇ ਉਸਦੇ ਸਾਜ਼ਸ਼ੀ ਟੋਲੇ ਨਾਰਾਜ਼ ਹੋਏ। ਗੁਰੂ ਜੀ ਨੇ ਸਿੱਖਾਂ ਨੂੰ ਸਮਝਾਇਆ ਕਿ ਕਰੋਧ ਨੂੰ ਕਦੇ ਵੀ ਦਿਲ ਅਮਦਰ ਦਾਖਲ ਨਾ ਹੋਣ ਦਿਓ। ਕਰੋਧ ਬਹੁਤ ਵੱਡਾ ਦੁਸ਼ਮਣ ਅਤੇ ਮਾਰੂ-ਜ਼ਹਿਰੀਲਾ ਹੁੰਦਾ ਹੈ। ਇਕ ਕਰੋਧੀ ਵਿਅੱਕਤੀ ਠਕਿ ਅਤੇ ਗਲਤ ਵਿਚ ਪਹਿਚਾਣ ਕਰਨੀ ਭੁੱਲ ਜਾਂਦਾ ਹੈ। ਗੁੱਸੇ ਵਿਚ ਉਹ ਘੋਰ ਗਲਤੀਆਂ ਕਰਦਾ ਹੈ ਅਤੇ ਜੀਵਨ ਅਤਿਅੰਤ ਅਸਹਿ ਬਣ ਜਾਂਦਾ ਹੈ। ਗੁਰੂ ਜੀ ਨੇ ਸਿੱਖਾਂ ਨੂੰ ਸਿਖਿਆ ਦਿਤੀ ਕਿ ਉਹ ਆਪਣੇ ਗੁੱਸੇ ਨੂੰ ਦੁਨੀਆ ਦੀ ਬੇਇਨਸਾਫ਼ੀ ਵਿਰੁੱਧ ਵਰਤਣ, ਨਾ ਕਿ ਬਦਲਾ ਲੈਣ ਲਈ। ਗੁਰੂ ਜੀ ਨੇ ਸਿੱਖਾਂ ਨੂੰ ਹੋਰ ਅੱਗੇ ਸਮਝਾਇਆ ਕਿ ਜਿਵੇਂ ਵੀ ਹੋਵੇ ਉਹ ਹਮੇਸ਼ਾ ਦਇਆਲੂ, ਦਇਆਵਾਨ ਅਤੇ ਸ਼ਾਂਤ-ਚਿਤ ਬਣ ਕੇ ਰਹਿਣ। ਗੁਰੂ ਜੀ ਨੇ ਸਮਝਾਇਆ ਕਿ ਖ਼ਿਮਾਂ ਕਰ ਦੇਣਾ ਬਹੁਤ ਵੱਡੀ ਚੰਗਿਆਈ ਹੈ। ਖ਼ਿਮਾਂ ਕਰ ਦੇਣ ਲਈ ਕਦੇ ਮੌਕਾ ਨਹੀਂ ਗੁਆਉਣਾ ਚਾਹੀਦਾ ਅਤੇ ਨਾ ਹੀ ਕਦੇ ਬਦਲਾ ਲੈਣ ਦਾ ਸੋਚਿਆ ਜਾਵੇ।

ਗੁਰੂ ਜੀ ਹਮੇਸ਼ਾ ਹੀ ਸ਼ਾਂਤ-ਚਿਤ ਰਹਿੰਦੇ ਰਹੇ। ਕੁਝ ਸਮੇਂ ਬਾਅਦ, ਗੁਰੂ ਜੀ ਬਕਾਲਾ ਛੱਡ ਕੇ ਕੀਰਤਪੁਰ ਚਲੇ ਗਏ। ਉਹਨਾਂ ਦੇ ਨਾਲ ਉਹਨਾਂ ਦਾ ਪਰਵਾਰ ਅਤੇ ਕੁਝ ਸਿੱਖ ਵੀ ਸਨ।

***********************************

# ੮. ਸਿੱਖ ਪੁਜਾਰੀਆਂ ਦਾ ਖ਼ੁਦਗਰਜ਼ ਵਤੀਰਾ

੧੬੬੫ ਈਸਵੀ (ਉਮਰ ੪੪ ਸਾਲ): ਬਕਾਲਾ ਵਿਚ ਬਹੁਤ ਦੇਰ ਰਹਿਣ ਬਾਅਦ, ਗੁਰੂ ਜੀ ਨੇ ਸਿੱਖੀ ਦਾ ਸੰਦੇਸ਼ ਪਰਚਾਰਣ ਹਿੱਤ ਆਸ ਪਾਸ ਦੇ ਇਲਾਕਿਆਂ ਦਾ ਦੌਰਾ ਕੀਤਾ। ਉਹ ਗੁਰਦੁਆਰਾ ਹਰਿਮੰਦਰ ਸਾਹਿਬ, ਅੰਮ੍ਰਿਤਸਰ ਪਹੁੰਚ ਗਏ। ਇਸ ਸਮੇਂ ਤੱਕ ਮੱਖਣ ਸ਼ਾਹ ਹਾਲੇ ਵੀ ਗੁਰੂ ਜੀ ਦੇ ਨਾਲ ਸੀ।

ਛੇਵੇਂ ਨਾਨਕ (ਗੁਰੂ ਹਰਿਗੋਬਿੰਦ ਸਾਹਿਬ) ੧੬੩੦ ਈਸਵੀ ਵਿਚ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦਾ ਅਦਾਰਾ ਛੱਡ ਗਏ ਸਨ ਅਤੇ ਹਰਿਮੰਦਰ ਸਾਹਿਬ ਵਿਚ ਸਤਸੰਗ ਆਦਿਕ ਦਾ ਪ੍ਰਬੰਧ ਅਤੇ ਹੋਰ ਜ਼ਿੰਮੇਵਾਰੀਆ ਸਥਾਨਕ ਸਿੱਖਾਂ ਨੂੰ ਸੌਂਪ ਗਏ ਸਨ। ਛੇਵੇਂ ਨਾਨਕ ਨੇ ਕਦੇ ਵੀ ਹਰਿਮੰਦਰ ਸਾਹਿਬ ਵਾਪਸ ਨਹੀਂ ਆਉਣਾ ਸੀ। ਸਤਵੇਂ ਨਾਨਕ ਨੇ ੧੬੬੪ ਈਸਵੀ ਵਿਚ ਸਿਰਫ਼ ਛੇ ਮਹੀਨਿਆਂ ਵਾਸਤੇ ਇਥੇ ਬਸੇਰਾ ਕੀਤਾ। ਨੌਵੇਂ ਨਾਨਕ ੧੬੬੫ ਈਸਵੀ ਵਿਚ ਉਥੇ ਪਹੁੰਚੇ। ਹੁਣ ਤੱਕ ਸਿੱਖ ਪੁਜਾਰੀ ਕੋਈ ਤੀਹ ਸਾਲਾਂ ਤੋਂ ਇਸ ਅਦਾਰੇ ਦਾ ਪ੍ਰਬੰਧ ਚਲਾ ਰਹੇ ਸਨ। ਹਰਿ ਜੀ ਨਾਮੀ ਇਕ ਮਸੰਦ ਵਿਸ਼ੇਸ਼ ਅਧਿਕਾਰੀ ਸੀ ਅਤੇ ਉਹੀ ਇੰਚਾਰਜ ਸੀ। ਇਹ ਸੇਵਾਦਾਰ ਸਿੱਖਾਂ ਵਲੋਂ ਦਿੱਤੇ ਚੜ੍ਹਾਵੇ ਨੂੰ ਆਪਣੀਆਂ ਨਿੱਜੀ ਲੋੜਾਂ ਲਈ ਵਰਤ ਰਹੇ ਸਨ। ਉਹਨਾਂ ਨੂੰ ਡਰ ਸੀ ਕਿ ਜੇ ਨੌਵੇਂ ਨਾਨਕ ਨੇ ਹਰਿਮੰਦਰ ਸਾਹਿਬ ਦੇ ਅਦਾਰੇ ਵਿਚ ਠਹਿਰਨ ਦਾ ਫ਼ੈਸਲਾ ਕਰ ਲਿਆ ਤਾਂ ਉਹਨਾਂ ਦੀ ਆਮਦਨ ਤੇ ਅਸਰ ਪਵੇਗਾ। ਹਰਿ ਜੀ ਦੀਆ ਹਦਾਇਤਾਂ ਅਨੁਸਾਰ, ਹਰਿਮੰਦਰ ਸਾਹਿਬ ਦੇ ਦਰਵਾਜਿਆਂ ਨੂੰ ਜੰਦਰੇ ਲਗਾ ਦਿਤੇ ਗਏ ਅਤੇ ਉਹ ਆਪ ਸਭ ਘਰਾਂ ਨੂੰ ਚਲੇ ਗਏ। ਗੁਰੂ ਜੀ ਨੂੰ ਇਸ ਗੁਰਦੁਆਰਾ ਸਾਹਿਬ ਦੇ ਹਦੂਦ ਵਿਚ ਨਾ ਆਉਣ ਦਿਤਾ ਗਿਆ।

ਗੁਰੂ ਜੀ ਨੇ ਬਹੁਤ ਦੇਰ ਇੰਤਜ਼ਾਰ ਕੀਤਾ ਪਰ ਮਸੰਦਾਂ ਨੇ ਗੁਰਦੁਆਰਾ ਸਾਹਿਬ ਦੇ ਦਰਵਾਜ਼ਿਆ ਨੂੰ ਲਗਾਤਾਰ ਜੰਦਰੇ ਲਗਾਈ ਰਖੇ। ਆਖਰਕਾਰ, ਗੁਰੂ ਜੀ ਗੁਰਦੁਆਰਾ ਸਾਹਿਬ ਦੇ ਅਦਾਰੇ ਦੇ ਅੰਦਰ ਜਾਣ ਦੇ ਮੌਕੇ ਤੋਂ ਬਿਨਾਂ ਹੀ ਵਾਪਸ ਚਲੇ ਗਏ। ਜਿਹੜੀ ਜਗਹ ਤੇ ਬੈਠ ਕੇ ਗੁਰੂ ਜੀ ਉਡੀਕ ਕਰਦੇ ਰਹੇ, ਉਸਨੂੰ 'ਥੜ੍ਹਾ ਸਾਹਿਬ' ਵਜੋਂ ਜਾਣਿਆ ਜਾਂਦਾ ਹੈ। ਇਹ ਜਗਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉੱਤਰ ਵਾਲੇ ਪਾਸੇ ਕੋਈ ੧੦੦ ਗਜ਼ ਦੀ ਦੂਰੀ ਤੇ ਹੈ।

ਮੱਖਣ ਸ਼ਾਹ ਫਿਰ ਵੀ ਆਪਣੇ ਮਿੱਤਰਾਂ ਦੇ ਨਾਲ ਪਿਛੇ ਠਹਿਰਿਆ ਅਤੇ ਮਸੰਦਾਂ ਵਲੋਂ ਦਰਵਾਜ਼ੇ ਖੋਹਲਣ ਦੀ ਉਡੀਕ ਕਰਦਾ ਰਿਹਾ ਤਾਕਿ ਉਹ ਆਪਣੀ ਭੇਟਾ ਚੜ੍ਹਾ ਸਕੇ। ਮਸੰਦਾਂ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ, ਉਹ ਵਾਪਸ ਆਏ ਅਤੇ ਦਰਵਾਜ਼ੇ ਖੋਹਲ ਦਿਤੇ। ਮੱਖਣ ਸ਼ਾਹ ਨੇ ਕੁਝ ਭੇਟਾ ਇਥੇ ਚੜ੍ਹਾਈ। ਪਰ ਉਸਨੇ ਮਸੰਦਾਂ ਨੂੰ ਇਹ ਜ਼ਰੂਰ ਕਿਹਾ ਕਿ ਉਹ ਗੁਰਦੁਆਰਾ ਹਰਿਮੰਦਰ ਸਾਹਿਬ ਦੇ ਸੱਚੇ ਸੇਵਾਦਾਰ ਨਹੀਂ ਹਨ ਕਿਉਂਕਿ ਉਹ ਲਾਲਚ ਅਤੇ ਈਰਖਾ ਦੇ ਸ਼ਿਕਾਰ ਹਨ।

**********************************

# ੯. ਅਨੰਦਪੁਰ ਸਾਹਿਬ ਦੀ ਸਥਾਪਨਾ

**੧੬੬੫ ਈਸਵੀ (ਉਮਰ ੪੪ ਸਾਲ):** ਗੁਰੂ ਜੀ ਮਾਲਵਾ, ਮਾਝਾ ਅਤੇ ਬੰਗੜ ਦੇ ਇਲਾਕਿਆਂ ਵਿਚੋਂ ਦੀ ਲੰਘਦੇ ਹੋਏ ਪੰਜਾਬ ਦੇ ਵਿਸ਼ਾਲ ਦੌਰੇ ਤੇ ਚੱਲ ਪਏ। ਉਹ ਤਰਨਤਾਰਨ, ਖਡੂਰ ਸਾਹਿਬ ਅਤੇ ਗੋਇੰਦਵਾਲ ਦੇ ਵਿਚੋਂ ਦੀ ਲੰਘੇ। ਇਹ ਸਾਰੇ ਨਗਰ ਕਿਸੇ ਤਰ੍ਹਾਂ ਪਹਿਲੇ ਗੁਰੂਆਂ ਨਾਲ ਸਬੰਦਤ ਸਨ। ਗੁਰੁ ਜੀ ਥੋਹੜੀ ਦੇਰ ਲਈ ਲੱਖੀ ਜੰਗਲ ਵਿਚ ਠਹਿਰੇ ਜੋ ਕਿ ਬੀਆਬਾਨ ਅਤੇ ਰੇਤਲਾ ਇਲਾਕਾ ਹੈ। ਫਰੀਦਕੋਟ ਅਤੇ ਬਠਿੰਡਾ ਅੱਜ ਕਲ੍ਹ ਉਸ ਖੇਤਰ ਵਿਚ ਹਨ। ੧੬੬੫ ਦੀ ਵੈਸਾਖੀ ਸਾਬੋ-ਕੀ-ਤਲਵੰਡੀ ਵਿਚ ਮਨਾਈ ਜੋ ਅੱਜ ਕਲ੍ਹ ਦਮਦਮਾ ਸਾਹਿਬ ਵਜੋਂ ਜਾਣਿਆ ਜਾਂਦਾ ਹੈ। ਬਾਰਸ਼ ਦੀ ਘਾਟ ਕਾਰਨ ਲੋਕ ਇਸ ਖੁਸ਼ਕ ਧਰਤੀ ਨਾਲ ਲੋਕ ਬਹੁਤ ਔਖਾ ਜੀਵਨ ਬਤੀਤ ਕਰ ਰਹੇ ਸਨ। ਉਹਨਾਂ ਦੀ ਮਦਦ ਕਰਨ ਲਈ ਗੁਰੁ ਜੀ ਨੇ ਕੁਝ ਕਰਨ ਲਈ ਆਪ ਫਹੌੜਾ ਉਠਾਇਆ। ਗੁਰੂ ਜੀ ਵੱਲ ਦੇਖ ਕੇ ਲੋਕਾਂ ਨੇ ਵੀ ਗੁਰੂ ਜੀ ਵਾਂਗੂੰ ਕੀਤਾ ਅਤੇ ਜ਼ਮੀਨ ਖੋਦਣ ਲੱਗੇ। ਇਸ ਤਰ੍ਹਾਂ ਉਹ ੧੦ ਦਿਨ ਲਗਾਤਾਰ ਕਰਦੇ ਰਹੇ ਕਿ ਸਾਰੇ ਪਿੰਡ ਲਈ ਪਾਣੀ ਜਮ੍ਹਾਂ ਕਰਨ ਲਈ ਤਲਾਬ ਖੋਦ ਸਕੇ। ਗਿਆਰ੍ਹਵੇਂ ਦਿਨ ਬਾਰਸ਼ ਹੋਈ ਅਤੇ ਸਾਰਾ ਤਲਾਬ ਪਾਣੀ ਨਾਲ ਭਰ ਗਿਆ ਜਿਸਨੂੰ ਗੁਰੂਸਰ ਕਿਹਾ ਗਿਆ। ਚਲਦਿਆਂ ਚਲਦਿਆਂ ਗੁਰੂ ਜੀ ਜੀਂਦ ਨੇੜੇ ਧਮਧਾ ਪਹੁੰਚੇ। ਆਪ ਜੀ ਆਲੇ ਦੁਆਲੇ ਤੋਂ ਅਤੇ ਲੋਕਾਂ ਦੀ ਸ਼ਰਧਾ ਤੋਂ ਬਹੁਤ ਖੁਸ਼ ਅਤੇ ਪ੍ਰਭਾਵਤ ਹੋਏ। ਗੁਰੂ ਜੀ ਨੇ ਉਹਨਾਂ ਨੂੰ ਉਥੇ ਲੋਕਾਂ ਦੀ ਸੇਵਾ ਲਈ 'ਧਰਮਸਾਲ' ਬਨਾਉਣ ਲਈ ਕਿਹਾ ਅਤੇ ਫਿਰ ਕੀਰਤਪੁਰ ਪਰਤ ਆਏ।

ਮੱਖਣ ਸ਼ਾਹ ਹੁਣ ਤੱਕ ਗੁਰੂ ਜੀ ਦੇ ਨਾਲ ਹੀ ਰਿਹਾ ਸੀ। ਜਦ ਉਸਨੇ ਬਕਾਲਾ ਜਾਣ ਲਈ ਆਗਿਆ ਮੰਗੀ ਤਾਂ ਗੁਰੁ ਜੀ ਨੇ ਉਸਨੂੰ ਆਸ਼ੀਰਵਾਦ ਦਿਤਾ ਅਤੇ ਪ੍ਰਮਾਤਮਾ ਨੂੰ ਹਮੇਸ਼ਾ ਯਾਦ ਰੱਖਣ ਲਈ ਫੁਰਮਾਇਆ। ਮੱਖਣ ਸ਼ਾਹ ਨੇ ਸਿਰ ਝੁਕਾਇਆ ਅਤੇ ਉਥੋਂ ਚਲ ਪਿਆ।

੧੬੬੫ ਈਸਵੀ ਦੇ ੧੩ ਮਈ ਨੂੰ ਗੁਰੂ ਜੀ ਪਹਾੜਾਂ ਵਿਚ ਬਿਲਾਸਪੁਰ ਗਏ। ਬਿਲਾਸਪੁਰ ਵਿਚ ਪਤੀ ਵਲੋਂ ਪ੍ਰਾਪਤ ਹੋਈ ਸੰਮਤੀ ਦੀ ਮਾਲਕ ਵਿਧਵਾ ਰਾਣੀ ਚੰਪਾ ਨੇ ਆਪਣੀ ਰਿਆਸਤ ਵਿਚ ਜ਼ਮੀਨ ਦਾ ਇਕ ਟੁਕੜਾ ਤੋਹਫ਼ੇ ਵਜੋਂ ਗੁਰੂ ਜੀ ਨੂੰ ਭੇਂਟ ਕੀਤਾ। ਪਰ ਗੁਰੂ ਜੀ ਨੇ ਇਸਤਰ੍ਹਾਂ ਕਰਨ ਤੋਂ ਇਨਕਾਰ ਕਰ ਦਿਤਾ ਅਤੇ ੫੦੦ ਰੁਪੈ ਵਿਚ ਖਰੀਦਣ ਤੇ ਜ਼ੋਰ ਦਿਤਾ। ੧੯ ਜੂਨ, ੧੬੬੫ ਨੂੰ ਉਥੇ ਇਕ ਨਗਰ ਦੀ ਤਾਮੀਰ ਕਰਨੀ ਸ਼ੁਰੂ ਕੀਤੀ। ਬਾਬਾ ਬੁੱਢਾ ਜੀ ਦੇ ਪੋਤੇ ਗੁਰਦਿੱਤਾ ਰੰਧਾਵਾ ਨੇ ਇਸਦਾ ਨੀਂਹ ਪੱਥਰ ਰਖਿਆ। ਜਿਵੇਂ ਜਿਵੇਂ ਉਸਾਰੀ ਹੁੰਦੀ ਗਈ, ਲੋਕ ਉਥੇ ਰਹਿਣ ਲਈ ਅਤੇ ਕੰਮ ਕਰਨ ਲਈ ਉਥੇ ਆ ਗਏ। ਇਸ ਨਵੇਂ ਨਗਰ ਦਾ ਨਾਮ ਗੁਰੂ ਜੀ ਦੀ ਮਾਤਾ ਦੇ ਨਾਮ ਤੇ 'ਚੱਕ ਨਾਨਕੀ' ਰਖਿਆ ਗਿਆ। ਬਾਅਦ ਵਿਚ ਇਸ ਦਾ ਨਾਮ 'ਆਨੰਦ ਪੁਰ'- ਖੁਸ਼ੀਆ ਦਾ ਸ਼ਹਿਰ - ਰਖ ਦਿਤਾ ਗਿਆ। ਬਾਅਦ ਵਿਚ, ੧੬੯੯ ਈਸਵੀ ਵਿਚ ਇਥੇ ਹੀ 'ਖਾਲਸਾ' ਦੀ ਸਿਰਜਨਾ ਹੋਈ।

***********************************

# ੧੦. ਗੋਬਿੰਦ ਰਾਏ ਦਾ ਜਨਮ

**੧੬੬੬ ਈਸਵੀ (ਉਮਰ ੪੫ ਸਾਲ)**: ਗੁਰੂ ਜੀ ਨੇ ਆਪਣੀ ਯਾਤਰਾ ਜਾਰੀ ਰਖੀ ਅਤੇ ਪੂਰਬੀ ਭਾਰਤ ਵਿਚ ਗਯਾ ਰਾਹੀਂ ਪਟਨਾ ਪਹੁੰਚੇ। ਇਕ ਸਿੱਖ ਨੇ ਗੁਰੂ ਜੀ ਦੇ ਪਰਵਾਰ ਲਈ ਇਕ ਘਰ ਦੀ ਭੇਂਟ ਕੀਤੀ। ਗੁਰੂ ਜੀ ਉਥੇ ਸਿਰਫ਼ ਇਕ ਮਹੀਨਾ ਰਹੇ। ਲੋਕ ਵੱਡੀ ਗਿਣਤੀ ਵਿਚ ਹਰ ਰੋਜ਼ ਗੁਰੂ ਜੀ ਦੀ ਸਿਖਿਆ ਸੁਣਨ ਲਈ ਆਉਂਦੇ। ਆਪ ਜੀ ਨੂੰ ਜਲਦੀ ਹੀ ਪਤਾ ਚਲਿਆ ਕਿ ਔਰੰਗਜ਼ੇਬ ਮਸੰਦਾਂ ਨੂੰ ਆਪਣੀ ਵਰਤੋਂ ਲਈ ਸੰਗਤ ਦੀ ਭੇਟਾ ਇਕੱਠਾ ਕਰਨ ਲਈ ਕਹਿ ਰਿਹਾ ਸੀ ਅਤੇ ਕਈ ਪ੍ਰਮੁੱਖ ਸਿੱਖਾਂ ਨੂੰ ਉਹਨਾਂ ਦੇ ਘਰਾਂ ਤੋਂ ਕੱਢ ਦਿਤਾ ਸੀ। ਗੁਰੂ ਜੀ ਨੇ ਵਾਪਸ ਆਨੰਦਪੁਰ ਜਾਣ ਦਾ ਫ਼ੈਸਲਾ ਕਰ ਲਿਆ।

ਗੁਰੂ ਜੀ ਨੇ ਮਾਤਾ ਨਾਨਕੀ ਅਤੇ ਮਾਤਾ ਗੂਜਰੀ ਜੀ ਨੂੰ ਭਾਈ ਜੈਤਾ (ਇਕ ਹਲਵਾਈ) ਅਤੇ ਮਾਤਾ ਗੂਜਰੀ ਜੀ ਦੇ ਭਾਈ ਕਿਰਪਾਲ ਚੰਦ ਦੀ ਹਿਫ਼ਾਜ਼ਤ ਅਧੀਨ ਉਥੇ ਰਹਿਣ ਦਿਤਾ। ਮਾਤਾ ਗੂਜਰੀ ਜੀ ਉਸ ਸਮੇਂ ਗਰਭਵਤੀ ਸਨ ਅਤੇ ਬੱਚੇ ਦੀ ਉਡੀਕ ਵਿਚ ਸਨ। ਇਸ ਯਾਤਰਾ ਸਮੇਂ ਗੁਰੂ ਜੀ ਨੇ ਮੁੰਗੇਰ, ਬਾਰੀ, ਡਾਕਾ ਅਤੇ ਆਸਾਮ ਦਾ ਰਸਤਾ ਅਪਣਾਇਆ। ਮੁੰਗੇਰ ਵਿਚ ਟਿਕਾਓ ਸਮੇਂ ਉਹਨਾਂ ਨੂੰ ਉਹਨਾ ਦੇ ਬੇਟੇ ਗੋਬਿੰਦ ਰਾਏ ਦੇ ਜਨਮ ਦਾ ਪਤਾ ਲੱਗਾ। ਬੇਟੇ ਨੇ ੨੨ ਦਸੰਬਰ, ੧੬੬੬ ਨੂੰ ਪਟਨਾ ਵਿਖੇ ਅਵਤਾਰ ਧਾਰਿਆ। ਗੋਬਿੰਦ ਰਾਏ ਬਾਅਦ ਵਿਚ ਦਸਵਾਂ ਨਾਨਕ (ਗੁਰੂ ਗੋਬਿੰਦ ਸਿੰਘ ਜੀ) ਬਣੇ। ਦੂਰ ਦੂਰ ਤੋਂ ਸੰਗਤਾਂ ਇਸ ਨਵੇਂ ਜਨਮੇਂ ਬਾਲਕ ਦੇ ਦਰਸ਼ਨ ਕਰਨ ਲਈ ਆਈਆਂ।

ਨੌਵੇਂ ਨਾਨਕ ਨੇ ਅਨੰਦਪੁਰ ਦੀ ਤਰਫ਼ ਆਪਣੀ ਯਾਤਰਾ ਜਾਰੀ ਰਖੀ। ਯਾਤਰਾ ਸਮੇਂ ਉਹ ਅਨੇਕ ਲੋਕਾ ਨੂੰ ਆਸ਼ੀਰਵਾਦ ਦਿੰਦੇ ਜਾਂਦੇ। ਉਹਨਾਂ ਨੂੰ ਹਮੇਸ਼ਾ ਚੌਕਸ ਰਹਿਣ ਲਈ ਅਤੇ ਕਿਸੇ ਤੋਂ ਵੀ ਨਾ ਡਰਣ ਲਈ ਕਹਿੰਦੇ। ਉਹ ਆਪਣੀ ਜ਼ਿੰਦਗੀ ਭਾਵੇਂ ਨਿਸ਼ਾਵਰ ਕਰ ਦੇਣ ਪਰ ਆਪਣਾ ਧਰਮ ਕਦੇ ਨਾ ਤਿਆਗਣ। ਗੁਰੂ ਜੀ ਨੇ ਰਾਜਾ ਰਾਮ ਸਿੰਘ ਅਤੇ ਅਹੋਮ ਕਬੀਲਿਆਂ ਵਿਚਾਲੇ ਲੰਬੇ ਸਮੇਂ ਤੋਂ ਚੱਲ ਰਹੇ ਝਗੜੇ ਵਿਚ ਵਿਚੋਲਗੀ ਕੀਤੀ। ਕਬੀਲੇ ਦੇ ਸਾਰੇ ਲੋਕ ਗੁਰੂ ਜੀ ਦੇ ਪੈਰੋਕਾਰ ਬਣ ਗਏ। ਅਸਾਮ ਤੋਂ ਗੁਰੂ ਜੀ ਆਨੰਦਪੁਰ ਪਰਤ ਆਏ।

**੧੬੭੨ ਈਸਵੀ (ਉਮਰ ੫੧ ਸਾਲ):** ਗੁਰੂ ਜੀ ਵਾਪਸ ਪਟਨਾ ਗਏ ਅਤੇ ਆਪਣੇ ਸਪੁੱਤਰ ਗੋਬਿੰਦ ਰਾਏ ਨੂੰ ਪਹਿਲੀ ਵਾਰ ਮਿਲੇ। ਉਹ ਕੁਝ ਦੇਰ ਉਥੇ ਠਹਿਰੇ ਅਤੇ ਫਿਰ ਆਨੰਦਪੁਰ ਪਰਤ ਆਏ। ਉਥੋਂ ਤੁਰਨ ਲਗਿਆਂ ਗੁਰੂ ਜੀ ਨੇ ਪਰਵਾਰ ਨੂੰ ਪੰਜਾਬ ਵਿਚ ਆ ਜਾਣ ਲਈ ਕਿਹਾ। ਆਨੰਦਪੁਰ ਆਕੇ ਗੋਬਿੰਦ ਰਾਏ ਨੇ ਸਿਖਿਆ ਹਾਸਲ ਕੀਤੀ, ਕਈ ਭਾਸ਼ਾਵਾਂ ਸਿਖੀਆਂ ਅਤੇ ਯੁੱਧ ਕਰਤਵ ਸਿੱਖੇ।

**********************************

# ੧੧. ਧਰਮ ਦੀ ਸੁਤੰਤਰਤਾ ਦਾ ਹੱਕ

**੧੬੭੫ ਈਸਵੀ (ਉਮਰ ੫੪ ਸਾਲ):** ਮੁਗਲ ਸਮਰਾਟ ਅਕਬਰ ਸਾਰੇ ਧਰਮਾਂ ਦਾ ਆਦਰ ਮਾਣ ਕਰਦਾ ਸੀ ਅਤੇ ਸ਼ਾਂਤਮਈ ਤੌਰ ਤੇ ਰਲ ਮਿਲ ਕੇ ਰਹਿਣ ਵਿਚ ਵਿਸ਼ਵਾਸ ਰਖਦਾ ਸੀ। ਪਰ ਔਰੰਗਜ਼ੇਬ ਇਸਦੇ ਬਿਲਕੁਲ ਉਲਟ ਸੀ। ਔਰੰਗਜ਼ੇਬ ਪਹਿਲਾਂ ਉੜੀਸਾ ਰਾਜ ਵਿਚ ਹੁਕਮਰਾਨ ਸੀ ਅਤੇ ਪਿਛਲੇ ੧੦ ਸਾਲਾਂ ਵਿਚ ਬਣੇ ਸਾਰੇ ਮੰਦਰ ਢਵਾਹ ਦਿਤੇ। ਕਿਸੇ ਵੀ ਪੁਰਾਣੇ ਮੰਦਰ ਦੀ ਮੁਰੰਮਤ ਕਰਨ ਦੀ ਇਜਾਜ਼ਤ ਨਹੀਂ ਸੀ। ੧੬੬੯ ਈਸਵੀ ਵਿਚ, ਔਰੰਗਜ਼ੇਬ ਨੇ ਸਾਰੇ ਪੁਰਾਤਨ ਹਿੰਦੂ ਮੰਦਰਾਂ ਨੂੰ ਢਾਹ ਦੇਣ ਦਾ ਹੁਕਮ ਕਰ ਦਿਤਾ। ਇਸਤਰ੍ਹਾਂ ਮਥੁਰਾ, ਅਯੁੱਧਿਆ ਅਤੇ ਬਨਾਰਸ ਵਿਚ ਸਾਰੇ ਪੁਰਾਤਨ ਮੰਦਰ ਤਬਾਹ ਕਰ ਦਿਤੇ ਗਏ ਅਤੇ ਕਈਆ ਨੂੰ ਮਸੀਤਾਂ ਵਿਚ ਤਬਦੀਲ ਕਰ ਦਿਤਾ ਗਿਆ। ਹਿੰਦੂਆਂ ਉੱਪਰ ਜਜ਼ੀਆ (ਧਾਰਮਿਕ ਟੈਕਸ) ਲਗਾ ਦਿਤਾ ਗਿਆ। ਹਿੰਦੂ ਸਰਕਾਰੀ ਮੁਲਾਜ਼ਮਾਂ ਦੀ ਥਾਂ ਮੁਸਲਿਮ ਲਗਾ ਦਿਤੇ ਗਏ। ਸਮਰਾਟ ਔਰੰਗਜ਼ੇਬ ਦੀ ਨੀਤੀ ਸਾਰਿਆਂ ਨੂੰ ਜਬਰਨ ਧਰਮ ਬਦਲਣ ਦੀ ਸੀ ਕਿਉਂਕਿ ਉਹ ਹਿੰਦੁਸਤਾਨ ਨੂੰ ਮੁਸਲਿਮ ਰਾਜ ਬਨਾਉਣਾ ਚਾਹੁੰਦਾ ਸੀ। ਹੱਲਾਸ਼ੇਰੀ ਦੇ ਤੌਰ ਤੇ ਜਿਹੜੇ ਵੀ ਹਿੰਦੂ ਲੋਕ ਇਸਲਾਮ ਧਾਰਣ ਕਰ ਲੈਂਦੇ, ਉਹਨਾ ਨੂੰ ਪੈਸੇ ਇਨਾਮ ਵਿੱਚ ਦਿਤੇ ਜਾਂਦੇ।

ਇਸ ਗਲ ਦਾ ਆਮ ਪਤਾ ਸੀ ਕਿ ਚੰਗੇ ਪੜ੍ਹੇ ਲਿਖੇ ਅਤੇ ਇੱਜ਼ਤ-ਮਾਣ ਵਾਲੇ ਹਿੰਦੂ ਪੁਜਾਰੀ ਕਸ਼ਮੀਰ ਵਿਚ ਰਹਿੰਦੇ ਸਨ। ਔਰੰਗਜ਼ੇਬ ਨੇ ਸੋਚਿਆ ਕਿ ਜੇ ਉਹ ਕਸ਼ਮੀਰੀ ਬ੍ਰਾਹਮਣਾਂ ਨੂੰ ਇਸਲਾਮ ਧਾਰਣ ਕਰਨ ਲਈ ਮਨਾ ਲਵੇ ਤਾਂ ਲੱਖਾਂ ਹਿੰਦੂਆਂ ਨੂੰ ਤਬਦੀਲ ਕਰਨਾ ਸੌਖਾ ਹੋਵੇਗਾ। ਉਸ ਨੇ ਕਸ਼ਮੀਰ ਦੇ ਗਵਰਨਰ ਸ਼ੇਰ ਅਫ਼ਗਾਨ ਖਾਂ ਨੂੰ ਹੁਕਮ ਕੀਤਾ ਕਿ ਕਸ਼ਮੀਰ ਨੂੰ ਮੁਸਲਿਮ ਰਾਜ ਬਣਾ ਦਿਤਾ ਜਾਵੇ। ਖਾਨ ਨੇ ਹਿੰਦੂਆ ਨੂੰ ਇਸਲਾਮ ਜਾਂ ਮੌਤ ਵਿਚੋਂ ਇਕ ਨੂੰ ਚੁਣਨ ਲਈ ਕਿਹਾ। ਇਸਲਾਮ ਧਾਰਣ ਕਰਨ ਤੋਂ ਇਨਕਾਰ ਕਰਨ ਵਾਲਿਆਂ ਨੂੰ ਸ਼ਰੇਆਮ ਕਤਲ ਕਰ ਦਿਤਾ ਜਾਂਦਾ।

ਲੋਕ ਚੰਗੀ ਤਰ੍ਹਾਂ ਜਾਣਦੇ ਸਨ ਕਿ ਗੁਰੂ ਨਾਨਕ ਦੇਵ ਜੀ ਅਤੇ ਉਸ ਤੋਂ ਬਾਅਦ ਵਾਲੇ ਸਾਰੇ ਹੀ ਨਾਨਕ ਗਰੀਬਾਂ ਅਤੇ ਕਮਜ਼ੋਰਾਂ ਨੂੰ ਇੱਜ਼ਤ ਨਾਲ ਜ਼ਿੰਦਾ ਰਹਿਣ ਲਈ ਉਤਸ਼ਾਹਤ ਕਰਦੇ ਸਨ। ਉਹਨਾਂ ਨੂੰ ਪੰਜਵੇਂ ਨਾਨਕ ਦੀ ਸ਼ਹੀਦੀ ਬਾਰੇ ਵੀ ਪਤਾ ਸੀ ਜਿਸਨੇ ਕਿਸੇ ਦਬਾਅ ਹੇਟ ਇਸਲਾਮ ਧਾਰਣ ਤੋਂ ਇਨਕਾਰ ਕਰ ਦਿਤਾ ਸੀ। ਉਹਨਾਂ ਨੂੰ ਛੇਵੇਂ ਨਾਨਕ ਦਾ ਵੀ ਪਤਾ ਸੀ ਜਿਸਨੇ ਦੋ ਤਲਵਾਰਾਂ (ਮੀਰੀ ਅਤੇ ਪੀਰੀ ਦੀਆਂ) ਪਹਿਨੀਆਂ ਸਨ ਅਤੇ ਉਸਨੇ ਸਵੈ-ਰਖਿਆ ਲਈ ਸ਼ਸਤਰ ਧਾਰਣ ਕਰਨ ਦੀ ਹਦਾਇਤ ਕੀਤੀ ਸੀ।

ਮਈ ੨੫, ੧੬੭੫ ਨੂੰ, ੧੬ ਕਸ਼ਮੀਰੀ ਪੰਡਤ ਨੌਵੇਂ ਗੁਰੂ ਜੀ ਤੋਂ ਰਖਿਆ ਅਤੇ ਅਗਵਾਈ ਦੀ ਮਦਦ ਲਈ ਆਨੰਦਪੁਰ ਸਾਹਿਬ ਆਏ। ਉਹਨਾਂ ਦੀ ਅਗਵਾਈ ਪੰਡਤ ਕਿਰਪਾ ਰਾਮ ਦੱਤ ਕਰ ਰਹੇ ਸਨ। ਉਹਨਾਂ ਨੇ ਮਦਦ ਵਾਸਤੇ ਪਹਿਲਾਂ ਔਰੰਗਜ਼ੇਬ ਦੀ ਹਕੂਮਤ ਵਿਚ ਉਚ-ਪੱਧਰ ਦੇ ਹਿੰਦੂ-ਰਾਜਪੂਤ ਅਫ਼ਸਰਾਂ ਤੱਕ ਪਹੁੰਚ ਕੀਤੀ ਸੀ ਪਰ ਉਸਦਾ ਕੋਈ ਲਾਭ ਨਾ ਹੋਇਆ। ਪਰ ਉਹਨਾਂ ਦੀ ਅਰਜ਼ ਤੇ ਗੁਰੂ ਜੀ ਨੇ ਫ਼ੈਸਲਾ ਕੀਤਾ ਕਿ ਹਿੰਦੂਆਂ ਨੂੰ ਜਬਰਨ ਧਰਮ ਬਦਲੀ ਕਰਨ ਲਈ ਕਹਿਣ ਦੇ ਵਿਰੋਧ ਉਹ ਆਪਣੀ ਜ਼ਿੰਦਗੀ ਕੁਰਬਾਨ

ਕਰ ਦੇਣਗੇ। ਗੁਰੂ ਜੀ ਦਾ ਇਹ ਕਦਮ 'ਇਨਸਾਫ਼' ਵਾਲਾ ਅਤੇ 'ਧਰਮ ਪ੍ਰਤੀ ਸੁਤੰਤਰਤਾ' ਦੇ ਹੱਕ ਵਿਚ ਹੋਵੇਗਾ। ਨੌਵੇਂ ਨਾਨਕ ਦੇ ਬੇਟੇ ਗੋਬਿੰਦ ਰਾਏ ਜੀ ਉਸ ਵੇਲੇ ਭਾਵੇਂ ਹਾਲੇ ਨੌਂ ਸਾਲ ਦੇ ਹੀ ਸਨ, ਪਰ ਉਹਨਾਂ ਨੇ ਆਪਣੇ ਪਿਤਾ ਜੀ ਦੇ ਫ਼ੈਸਲੇ ਦੀ ਹਮਾਇਤ ਕੀਤੀ। ਗੁਰੂ ਜੀ ਦੇ ਕਹਿਣ ਅਨੁਸਾਰ, ਕਸ਼ਮੀਰੀ ਪੰਡਤਾਂ ਨੇ ਔਰੰਗਜ਼ੇਬ ਨੂੰ ਜਾ ਸੂਚਨਾ ਦਿਤੀ ਕਿ ਜੇ ਉਹ ਗੁਰੂ ਜੀ ਨੂੰ ਇਸਲਾਮ ਧਾਰਣ ਲਈ ਬਦਲ ਲਵੇਗਾ ਤਾਂ ਉਹ ਵੀ ਇਸਲਾਮ ਧਾਰਣ ਕਰਨ ਲਈ ਮੰਨ ਜਾਣਗੇ।

ਨੌਵੇਂ ਨਾਨਕ ਬਾਰੇ ਕਸ਼ਮੀਰੀ ਪੰਡਤਾਂ ਦਾ ਸੁਨੇਹਾ ਮਿਲਣ ਤੇ, ਔਰੰਗਜ਼ੇਬ ਨੇ ਹੁਕਮ ਕੀਤਾ ਕਿ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਨੂੰ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਉਸਨੂੰ ਇਸਲਾਮ ਧਾਰਣ ਕਰਵਾਉਣ ਲਈ ਪੂਰੀ ਕੋਸ਼ਸ਼ ਕੀਤੀ ਜਾਵੇ। ਗੁਰੂ ਜੀ ਨੇ ਫ਼ੈਸਲਾ ਕੀਤਾ ਕਿ ਔਰੰਗਜ਼ੇਬ ਕੋਲ ਪੇਸ਼ ਹੋ ਕੇ ਸ਼ਹੀਦ ਹੋਣ ਦੀ ਬਜਾਏ, ਉਹ ਦਿੱਲੀ ਜਾਣ ਦੇ ਰਸਤੇ ਲੋਕਾਂ ਨੂੰ ਹਿੰਮਤੀ ਬਣ ਕੇ ਮੌਤ ਤੋਂ ਨਾ ਡਰਨ ਲਈ ਕਹਿਣਗੇ। ਪਹਿਲੇ ਗੁਰੂਆ ਨੇ ਵੀ ਲੋਕਾਂ ਨੂੰ ਇਹੋ ਪਰਚਾਰ ਕੀਤਾ ਸੀ ਕਿ 'ਨਾ ਕਿਸੇ ਤੋਂ ਡਰਿਆ ਜਾਵੇ, ਨਾ ਕਿਸੇ ਨੂੰ ਡਰਾਇਆ ਜਾਵੇ ਅਤੇ ਨਾ ਹੀ ਮੌਤ ਤੋਂ ਡਰਿਆ ਜਾਵੇ'।

***********************************

# ੧੨. ਗੋਬਿੰਦ ਰਾਏ ਜੀ ਦਸਵੇਂ ਨਾਨਕ ਵਜੋਂ

੧੬੭੫ ਈਸਵੀ (ਉਮਰ ੫੪ ਸਾਲ): ਗੁਰੂ ਜੀ ਨੇ ਮੋਹਤਬਰ ਸਿੱਖਾਂ ਨੂੰ ਅਨੰਦਪੁਰ ਆਉਣ ਦਾ ਸੱਦਾ ਦਿਤਾ ਅਤੇ ਕਸ਼ਮੀਰੀ ਪੰਡਤਾਂ ਨਾਲ ਆਪਣੀ ਗੱਲ ਬਾਤ ਬਾਰੇ ਉਹਨਾਂ ਨੂੰ ਦਸਿਆ। ਗੁਰੂ ਜੀ ਨੇ ਦਸਿਆ ਕਿ ਉਹ ਜਲਦੀ ਹੀ ਦਿੱਲੀ ਵਾਸਤੇ ਰਵਾਨਾ ਹੋਣਗੇ ਅਤੇ ਉਥੇ ਔਰੰਗਜ਼ੇਬ ਵਲੋਂ ਉਹਨਾਂ ਨੂੰ ਸ਼ਹੀਦ ਕਰ ਦਿਤੇ ਜਾਣ ਦੀ ਸੰਭਾਵਨਾ ਸੀ। ਉਹਨਾਂ ਨੇ ਇਹ ਵੀ ਦਸਿਆ ਕਿ ਉਹ ਗੁਰਿਆਈ ਦੀਆਂ ਸਾਰੀਆਂ ਜ਼ਿੰਮੇਦਾਰੀਆਂ ਗੋਬਿੰਦ ਰਾਏ ਨੂੰ ਸੌਂਪ ਦੇਣਗੇ। ਇਸਤਰ੍ਹਾਂ ਗੋਬਿੰਦ ਰਾਏ ਦਸਵੇਂ ਨਾਨਕ ਬਣ ਗਏ।

੮ ਜੁਲਾਈ, ੧੬੭੫ ਨੂੰ ਨੌਵੇਂ ਨਾਨਕ ਜੀ ਦਿੱਲੀ ਵਾਸਤੇ ਰਵਾਨਾ ਹੋ ਗਏ। ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲ ਦਾਸ ਅਤੇ ਹੋਰ ਪ੍ਰਮੁੱਖ ਸਿੱਖ ਉਹਨਾਂ ਦੇ ਨਾਲ ਗਏ।

***********************************

# ੧੩. ਨੌਵੇਂ ਨਾਨਕ ਦੀ ਸ਼ਹੀਦੀ

੧੬੭੫ ਈਸਵੀ (ਉਮਰ ੫੪ ਸਾਲ): ਨੌਵੇਂ ਨਾਨਕ ਜੀ ਜਦ ਅਨੰਦਪੁਰ ਸਾਹਿਬ ਤੋਂ ਤੁਰੇ ਤਾਂ ਉਹਨਾਂ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਅਤੇ ਆਪਣੇ ਪਰਵਾਰ ਅਤੇ ਸ਼ਰਧਾਲੂ ਸਿੱਖਾਂ ਕੋਲੋਂ ਵਿਦਾਈ ਲਈ। ਗੁਰੂ ਜੀ ਕਰਤਾਰਪੁਰ, ਫ਼ੈਜ਼ਾਬਾਦ, ਸਮਾਨਾ, ਕੈਥਲ, ਲਖਣ ਮਾਜਰਾ ਅਤੇ ਰੋਹਤਕ ਹੁੰਦੇ ਹੋਏ ਆਖਰ ਤੇ ਆਗਰਾ ਪਹੁੰਚੇ। ਇਹਨਾਂ ਥਾਵਾਂ ਤੇ ਲੋਕਾਂ ਨੇ ਗੁਰੂ ਜੀ ਨੂੰ ਆਖਰੀ ਵਾਰ ਦੇਖਿਆ। ਗੁਰੂ ਜੀ ਦਾ ਸੰਦੇਸ਼ ਸੀ: "ਭੈ ਕਾਹੂ ਕੋ ਦੇਤਿ ਨਹਿ, ਨਹਿ ਭੈ ਮਾਨਤ ਆਨ"(ਨਾ ਆਪ ਡਰੋ ਨਾ ਦੂਸਰਿਆਂ ਨੂੰ ਡਰਾਉ)। ਗੁਰੂ ਜੀ ਨੇ ਉਹਨਾਂ ਨੂੰ ਔਰੰਗਜ਼ੇਬ ਅਤੇ ਉਸਦੇ ਸਾਥੀਆਂ ਦੇ ਜ਼ੁਲਮ ਸਹਿਣ ਲਈ ਹਿੰਮਤ ਬਨਾਉਣ ਲਈ ਆਖਿਆ ਪਰ ਆਪਣੀ ਆਸਥਾ ਕਦੇ ਨਹੀਂ ਛੱਡਣੀ।

ਔਰੰਗਜ਼ੇਬ ਨੇ ਜਦੋਂ ਹੀ ਕਸ਼ਮੀਰੀ ਪੰਡਤਾਂ ਦੀ ਇਸਲਾਮ ਵਿਚ ਤਬਦੀਲ ਹੋਣ ਦੀ ਸ਼ਰਤ ਸੁਣੀ, ਤਾ ਉਸਨੇ ਗੁਰੂ ਜੀ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦਾ ਹੁਕਮ ਦਿਤਾ। ੧੧ ਜੁਲਾਈ, ੧੬੭੫ ਨੂੰ ਗੁਰੂ ਜੀ ਅਤੇ ਉਹਨਾਂ ਦੇ ਤਿੰਨ ਸਾਥੀਆਂ ਨੂੰ ਬੱਸੀ ਪਠਾਣਾਂ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਗੁਰੂ ਜੀ ਨੂੰ ਇਸਲਾਮ ਕਬੂਲ ਕਰਨ ਲਈ ਕਈ ਕੋਸ਼ਸ਼ਾਂ ਕੀਤੀਆਂ ਗਈਆਂ। ਜਦ ਸਾਰੀਆਂ ਕੋਸ਼ਿਸ਼ਾਂ ਨਾਕਾਮਯਾਬ ਹੋ ਗਈਆਂ ਤਾਂ ਗੁਰੂ

ਜੀ ਅਤੇ ਉਹਨਾਂ ਦੇ ਤਿੰਨਾਂ ਸਾਥੀਆਂ ਨੂੰ ੩ ਨਵੰਬਰ ੧੬੭੫ ਦਿੱਲੀ ਲਿਆਂਦਾ ਗਿਆ। ਗੁਰੂ ਜੀ ਨੂੰ ਤਿੰਨ ਸੁਝਾਵਾਂ ਵਿਚੋਂ ਚੋਣ ਕਰਨ ਲਈ ਕਿਹਾ ਗਿਆ:

੧. ਇਸਲਾਮ ਵਿਚ ਬਦਲਣਾ ਕਬੂਲ ਕਰਨਾ
੨. ਕੋਈ ਚਮਤਕਾਰ ਦਿਖਾਉਣਾ
੩. ਮਰਨ ਲਈ ਤਿਆਰ ਹੋਣਾ

ਗੁਰੁ ਜੀ ਨੇ ਜੁਆਬ ਦਿਤਾ:

੧. ਹਰ ਕਿਸੇ ਨੂੰ ਆਪਣਾ ਧਰਮ ਨਿਭਾਉਣ ਦੀ ਖੁਲ੍ਹ ਹੋਣੀ ਚਾਹੀਦੀ ਹੈ ਅਤੇ ਧਰਮ ਬਦਲਣ ਲਈ ਕਿਸੇ ਨੂੰ ਮਜਬੂਰ ਨਹੀਂ ਕਰਨਾ ਚਾਹੀਦਾ।
੨. ਚਮਤਕਾਰ ਦਿਖਾਉਣੇ ਰੱਬੀ-ਰਜ਼ਾ ਦੀ ਮਰਜ਼ੀ ਦੀ ਉਲੰਘਣਾ ਕਰਨਾ ਹੈ, ਅਤੇ
੩. ਜੀਣਾ ਅਤੇ ਮਰਨਾ ਰੱਬ ਦੇ ਹੱਥ ਵਿਚ ਹੈ। ਉਹ ਮਰਨ ਤੋਂ ਡਰਦੇ ਨਹੀਂ।

ਨੌਵੇਂ ਨਾਨਕ ਨੂੰ ਡਰਾਉਣ ਧਮਕਾਉਣ ਲਈ ੧੧ ਨਵੰਬਰ, ੧੬੭੫ ਨੂੰ ਗੁਰੂ ਜੀ ਦੇ ਸਾਹਮਣੇ ਪਹਿਲਾਂ ਭਾਈ ਦਿਆਲ ਦਾਸ ਨੂੰ ਜੀਊਂਦਿਆਂ ਉਬਲਦੇ ਪਾਣੀ ਵਿਚ ਬਿਠਾ ਕੇ ਸ਼ਹੀਦ ਕੀਤਾ ਗਿਆ। ਭਾਈ ਮਤੀ ਦਾਸ ਨੂੰ ਗੁਰੂ ਜੀ ਦੇ ਸਾਹਮਣੇ ਆਰੇ ਨਾਲ ਚਿਰਵਾ ਦਿਤਾ ਗਿਆ। ਫਿਰ ਸਤੀ ਦਾਸ ਨੂੰ ਰੂਈ ਵਿਚ ਲਪੇਟ ਕੇ ਸਾੜ ਦਿਤਾ ਗਿਆ। ਖੇਰ, ਇਹ ਜ਼ਾਲਮਾਨਾ ਹਰਕਤਾਂ ਗੁਰੂ ਜੀ ਨੂੰ ਆਪਣਾ ਫ਼ੈਸਲਾ ਬਦਲਣ ਲਈ ਡਰਾ ਨਾ ਸਕੇ। ਗੁਰੁ ਜੀ ਸ਼ਾਂਤ-ਚਿਤ ਪਰ ਦ੍ਰਿੜ ਰਹੇ। ਫਿਰ ਉਹਨਾਂ ਨੂੰ ਦਿੱਲੀ ਵਿਚ ਚਾਂਦਨੀ ਚੌਕ ਦੇ ਖੁਲ੍ਹੇ ਮੈਦਾਨ ਵਿਚ ਲਿਆਂਦਾ ਗਿਆ ਅਤੇ ਉਸੇ ਦਿਨ ਸ਼ਾਮ ਨੂੰ ਗੁਰੁ ਜੀ ਦਾ ਸੀਸ ਲੋਕਾਂ ਦੇ ਸਾਹਮਣੇ ਕਤਲ ਕਰ ਦਿਤਾ ਗਿਆ। ਕਤਲ ਕਰਨ ਵਾਲਾ ਜਲਾਲੁਦੀਨ ਸਮਾਨਾ ਦਾ ਰਹਿਣ ਵਾਲਾ ਸੀ।

ਗੁਰੂ ਜੀ ਦੇ ਕਤਲ ਕੀਤੇ ਜਾਣ ਤੋਂ ਇਕ ਦਿਨ ਪਹਿਲਾਂ ਸਾਰੇ ਪਾਸੀਂ ਇਕ ਆਮ ਐਲਾਨ ਕੀਤਾ ਗਿਆ ਕਿ ਹਰ ਕੋਈ ਆਕੇ ਇਸ ਭਿਅੰਕਰ ਘਟਨਾ ਨੂੰ ਦੇਖ ਸਕਦਾ ਸੀ। ਮਨੁੱਖਤਾ ਦੇ ਇਤਿਹਾਸ ਵਿਚ ਆਪਣੇ ਧਰਮ ਨੂੰ ਬਚਾਉਣ ਲਈ ਕਈ ਕੁਰਬਾਨੀਆਂ ਹੋਈਆਂ ਪਰ ਇਹ ਪਹਿਲੀ ਮਿਸਾਲ ਸੀ ਕਿ ਕਿਸੇ ਨੇ ਦੂਜੇ ਧਰਮਾਂ ਦੀ ਸੁਤੰਤਰਤਾ ਦੇ ਹੱਕ ਲਈ ਕੁਰਬਾਨੀ ਦਿੱਤੀ।

ਗੁਰੂ ਜੀ ਦੀ ਸ਼ਹੀਦੀ ਤੋਂ ਬਾਅਦ, ਗੁਰੂ ਜੀ ਦੇ ਸੀਸ ਅਤੇ ਸਰੀਰ ਨੂੰ ਸਸਕਾਰ ਕਰਨ ਦੀ ਕਿਸੇ ਨੂੰ ਇਜਾਜ਼ਤ ਨਹੀਂ ਸੀ। ਸਖਤੀ ਨਾਲ ਪਹਿਰਾ ਦੇਣ ਲਈ ਪਹਿਰੇਦਾਰ ਲਗਾ ਦਿਤੇ ਗਏ। ਇਸ ਸਥਾਨ ਤੇ ਇਸ ਸਮੇਂ ਗੁਰਦੁਆਰਾ ਸੀਸ ਗੰਜ ਸੁਸ਼ੋਭਤ ਹੈ। ਇਹ ਗੁਰਦੁਆਰਾ ਸਿੱਖ ਸਰਦਾਰ ਬਘੇਲ ਸਿੰਘ ਨੇ ੧੭੯੦ ਈਸਵੀ ਵਿਚ ਬਣਵਾਇਆ।

ਮੁ਼ਗਲਾਂ ਦੇ ਹਥੋਂ ਇਹ ਕਾਇਰਤਾ ਅਤੇ ਪਾਪਾਂ ਭਰਿਆ ਕੀਤਾ ਕੰਮ ਦੇਖ ਕੇ ਜਿਸ ਵਿਚ ਇਕ ਪਵਿੱਤਰ ਆਤਮਾ ਨੂੰ ਕੁਰਬਾਨ ਕਰ ਦਿਤਾ ਗਿਆ ਸੀ, ਸਾਰੇ ਲੋਕਾਂ ਵਿਚ ਬੇਚੈਨੀ ਅਤੇ ਹਫ਼ੜਾ ਦਫ਼ੜੀ ਮੱਚ ਗਈ। ਇਸਤਰ੍ਹਾਂ ਹੋ ਰਹੀ ਹਫ਼ੜਾ ਦਫ਼ੜੀ ਵਿਚ ਭਾਈ ਜੈਤਾ ਨੂੰ ਇਕ ਮੌਕਾ ਮਿਲ ਗਿਆ। ਉਸਨੇ ਜਲਦੀ ਨਾਲ

ਗੁਰੂ ਜੀ ਦਾ ਸੀਸ ਉਠਾਇਆ, ਆਪਣੇ ਕੰਬਲ ਵਿਚ ਲਪੇਟਿਆ ਅਤੇ ਆਨੰਦ ਪੁਰ ਸਾਹਿਬ ਵੱਲ ਚਲ ਪਿਆ। ੧੬ ਨਵੰਬਰ ੧੬੭੫ ਨੂੰ ਉਹ ਆਨੰਦਪੁਰ ਸਾਹਿਬ ਵਿਖੇ ਦਸਵੇਂ ਨਾਨਕ ਪਾਸ ਪਹੁੰਚਿਆ ਅਤੇ ਗੁਰੂ ਜੀ ਦਾ ਸੀਸ ਉਹਨਾਂ ਦੇ ਸਾਹਮਣੇ ਰਖ ਦਿਤਾ। ਗੁਰੁ ਜੀ ਨੇ ਭਾਈ ਜੈਤਾ ਨੂੰ ਗਲਵੱਕੜੀ ਵਿਚ ਲੈ ਲਿਆ ਅਤੇ ਉਸਨੂੰ "ਰੰਗਰੇਟਾ ਗੁਰੂ ਕਾ ਬੇਟਾ" ਕਿਹਾ ਅਤੇ ਨੌਵੇਂ ਨਾਨਕ ਦੇ ਸੀਸ ਦਾ ਪੂਰੇ ਸਨਮਾਨਾਂ ਨਾਲ ਆਨੰਦ ਪੁਰ ਸਾਹਿਬ ਵਿਖੇ ਸਸਕਾਰ ਕੀਤਾ ਗਿਆ। ਉਸ ਸਥਾਨ ਤੇ ਇਕ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਤ ਹੈ। ਬਾਅਦ ਵਿਚ, ੧੬੯੯ ਵਿਚ ਭਾਈ ਜੈਤਾ ਜੀਵਨ ਸਿੰਘ ਬਣੇ ਜਿਸਨੇ ਚਮਕੌਰ ਦੀ ਜੰਗ ਵਿਚ ਸਹੀਦੀ ਪ੍ਰਾਪਤ ਕੀਤੀ।

ਦਿੱਲੀ ਵਿਚ ਗੁਰੂ ਜੀ ਦੇ ਸ਼ਹੀਦੀ ਦਿਨ ਵੇਲੇ, ਇਕ ਠੇਕੇਦਾਰ ਲੱਖੀ ਸ਼ਾਹ (ਭਾਈ ਮਨੀ ਸਿੰਘ ਦੇ ਸਸੁਰ) ਆਪਣੇ ੬, ੭ ਸੌ ਬਲਦਾਂ ਨਾਲ ਜੁੱਤੇ ਗੱਡਿਆਂ ਨਾਲ ਉਸ ਥਾਓਂ ਲੰਘਿਆ ਜਿਥੇ ਗਰੂ ਜੀ ਦਾ ਸਿਰ ਕਤਲ ਕੀਤਾ ਗਿਆ ਸੀ। ਗੱਡਿਆਂ ਵਿਚ ਕਲੀ ਚੂਨਾ ਭਰਿਆ ਹੋਇਆ ਸੀ ਅਤੇ ਦਿਨ ਦਾ ਸਮਾਂ ਸ਼ਾਮ ਦਾ ਹੋ ਰਿਹਾ ਸੀ। ਵੱਡੀ ਗਿਣਤੀ ਵਿਚ ਗੱਡਿਆਂ ਦੇ ਲੰਘਣ ਕਾਰਨ ਮਿੱਟੀ ਘੱਟੇ ਦੇ ਬੱਦਲ ਛਾ ਗਏ ਸਨ। ਲੱਖੀ ਸ਼ਾਹ ਨੇ ਮੌਕਾ ਸੰਭਾਲਿਆ ਅਤੇ ਗੁਰੂ ਜੀ ਦਾ ਕਤਲ ਕੀਤਾ ਸਰੀਰ ਇਕ ਗੱਡੇ ਵਿਚ ਰੱਖ ਕੇ ਆਪਣੇ ਪਿੰਡ ਰਕਾਬ ਗੰਜ ਵੱਲ ਚਲ ਪਿਆ। ਉਸਨੇ ਕਤਲ ਕੀਤੇ ਸਰੀਰ ਨੂੰ ਆਪਣੀ ਝੌਂਪੜੀ ਵਿਚ ਰਖਿਆ ਅਤੇ ਸਰੀਰ ਦਾ ਸਸਕਾਰ ਕਰਨ ਲਈ ਸਾਰੀ ਝੌਂਪੜੀ ਨੂੰ ਅੱਗ ਲਗਾ ਦਿਤੀ। ਉਸ ਸਥਾਨ ਤੇ ਗੁਰਦੁਆਰਾ ਰਕਾਬ ਗੰਜ ਅੱਜ ਕਲ੍ਹ ਸੁਸ਼ੋਭਤ ਹੈ। ਇਹ ਗੁਰਦੁਆਰਾ ਵੀ ਸਰਦਾਰ ਬਘੇਲ ਸਿੰਘ ਨੇ ੧੭੯੦ ਵਿਚ ਬਣਵਾਇਆ।

ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਨੇ ਹਰ ਕਿਸੇ ਲਈ 'ਆਪਣੇ ਇਸ਼ਟ ਦੀ ਪੂਜਾ ਦੀ ਸੁਤੰਤਰਤਾ' ਅਤੇ ਸੱਚ ਅਤੇ ਮਾਨਵਤਾ ਦੀ ਬੇਹਤਰੀ ਵਾਸਤੇ ਕੁਰਬਾਨੀ ਦਿਤੀ। ਗੁਰੂ ਜੀ ਦੀ ਕੁਰਬਾਨੀ ਨੇ ਹੋਰਨਾਂ ਨੂੰ ਵੀ ਨੈਤਿਕ ਕੀਮਤਾਂ ਅਤੇ ਕੁਲੀਨ ਕਾਰਜਾਂ ਵਾਸਤੇ ਆਪਣੀ ਜ਼ਿੰਦਗੀ ਨਿਸ਼ਾਵਰ ਕਰਨ ਲਈ ਹਰ ਵੇਲੇ ਤਿਆਰ ਰਹਿਣ ਲਈ ਉਤਸ਼ਾਹਤ ਕੀਤਾ।

**************************************

# ੧੪. ਨੌਵੇਂ ਨਾਨਕ ਦੇ ਜੀਵਨ ਦੀਆਂ ਵਿਸ਼ੇਸ਼ਤਾਈਆਂ

| | |
|---|---|
| ਜਨਮ | ੧ ਅਪ੍ਰੈਲ, ੧੬੨੧ |
| ਜਨਮ ਸਥਾਨ | ਗੁਰੂ ਕੇ ਮਹਿਲ, ਅੰਮ੍ਰਿਤਸਰ |
| ਮਾਤਾ ਪਿਤਾ | ਪਿਤਾ ਜੀ – ਗੁਰੂ ਹਰਿਗੋਬਿੰਦ ਜੀ<br>ਮਾਤਾ ਜੀ – ਮਾਤਾ ਨਾਨਕੀ ਜੀ |
| ਸੁਪਤਨੀ | ਮਾਤਾ ਗੂਜਰੀ ਜੀ |
| ਬੱਚੇ | ਗੋਬਿੰਦ ਰਾਏ (ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ) |
| ਭਰਾ | • ਬਾਬਾ ਗੁਰਦਿੱਤਾ ਜੀ<br>• ਬਾਬਾ ਸੂਰਜ ਮੱਲ ਜੀ<br>• ਬਾਬਾ ਅਣੀ ਰਾਏ ਜੀ<br>• ਬਾਬਾ ਅਟੱਲ ਰਾਏ ਜੀ |
| ਭੇਣ | ਬੀਬੀ ਵੀਰੋ ਜੀ |
| ਗੁਰਗੱਦੀ | ਅਗਸਤ, ੧੬੬੪ |
| ਜੋਤੀ ਜੋਤ ਸਮਾਏ | ੧੧ ਨਵੰਬਰ, ੧੬੭੫, ਦਿੱਲੀ |
| ਬਾਣੀ | ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਨੇ ਗੁਰੂ ਗਰੰਥ ਸਾਹਿਬ ਵਿਚ ਬਾਣੀ ਅਤੇ ਸਲੋਕ ਦਰਜ ਕਰਵਾਏ। ਆਪ ਜੀ ਦੇ ੧੧੬ ਸਬਦ ਰਾਗਾਂ ਵਿਚ ਹਨ ਅਤੇ ਹੋਰ ੫੭ ਸਲੋਕ ਹਨ। ਨੌਵੇਂ ਨਾਨਕ ਜੀ ਦੀ ਪੂਰੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗਰੰਥ ਸਾਹਿਬ ਵਿਚ ਦਰਜ ਕਰਵਾਈ। |
| ਸਹਾਇਤਾ ਯੋਗਦਾਨ | • 'ਚੱਕ ਨਾਨਕੀ' ਨਗਰ ਵਸਾਇਆ ਜਿਸਨੂੰ ਉਹਨਾਂ ਦੇ ਸਪੁੱਤਰ ਨੇ ਫੈਲਾਇਆ ਅਤੇ ਆਨੰਦ ਪੁਰ ਸਾਹਿਬ ਨਾਮ ਰਖਿਆ।<br>• ਸਿੱਖੀ ਦਾ ਪਰਚਾਰ ਕਰਨ ਲਈ ਅਤੇ ਆਮ ਲੋਕਾਂ ਦੀ ਬੇਹਤਰੀ ਲਈ ਸਾਰੇ ਭਾਰਤ ਵਿਚ ਦੂਰ ਦੂਰ ਤੱਕ ਯਾਤਰਾ ਕੀਤੀ।<br>• ਹਰ ਕਿਸੇ ਲਈ ਆਪਣੇ 'ਧਰਮ ਦੀ ਪੂਜਾ ਦੇ ਸੁਤੰਤਰ ਹੱਕ' ਲਈ ਆਪਣਾ ਜੀਵਨ ਕੁਰਬਾਨ ਕੀਤਾ।<br>• ਮੋਹ-ਪਿਆਰ, ਡਰ ਅਤੇ ਕਿਸੇ ਦੀ ਮੁਥਾਜੀ-ਨਿਰਭਰਤਾ ਤੋਂ ਮੁਕਤ ਹੋਣਾ ਸਿਖਾਇਆ। |

# ੧੫. ਸੰਸਾਰ-ਪੱਧਰ ਦੀਆਂ ਵਿਸ਼ੇਸ਼ ਘਟਨਾਵਾਂ

## (ਨੌਵੇਂ ਨਾਨਕ ਦੇ ਜੀਵਨ ਕਾਲ ਸਮੇਂ)

| | |
|---|---|
| 1620 | Pilgrims, after three-month voyage in Mayflower, land at Plymouth Rock. |
| 1623 | New Netherland founded by Dutch West India Company. |
| 1633 | The Inquisition forced Galileo (astronomer) to recant his belief in the Copernican theory. |
| 1642 | The famis English Civil War was fought (up to 1651). |
| 1643 | The Taj Mehal was completed in Agra, India. |
| 1654 | The first Jewish Immigrants arrived in America and settled in new Amsterdam. |
| 1660 | English Parliament calls for the restoration of the monarchy, invites Charles II to return from France. |
| 1661 | Charls II is crowned King of England. Louis XIV of France begins personal rule as an absolute monarch, starts to build Versailles. |
| 1664 | English colonists took control of settlement in New Amsterdam.and named it New York. |
| 1665 | Great Plague in London kills 75, 000. |
| 1667 | Milton's Paradise Lost widely considered the greatest epic poem in English. |
| 1682 | Pennsylvannia founded by Willian Pann. |

References:


- Bed Time Stories 6, Santokh Singh Jagdev, Sikh Missionary Resource.
- Stories from Sikh History 3, Kartar Singh et al, Hemkunt Press, New Delhi.
- Gur Itihas (Patshahi 2-8), Prof. Sahib Singh, Singh Brothers, Amritsar.
- Sikh Tvareekh (Part One 1469 – 1708), Dr Harjinder Singh Dilgir. Disributors – Singh Brothers, Amritsar.
- SGPC website, Ten Gurus.
- Google search, world events.